Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 111 | Monday, June 10, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ



TOP 4% TREB REALTOR 2018
"Believe In The Best"
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਬਰੈਂਪਟਨ ਵਿੱਚ ਸ਼ਹੀਦੀ ਨਗਰ ਕੀਰਤਨ ਦਾ ਸਫ਼ਲ ਆਯੋਜਨ

ਬਰੈਂਪਟਨ ਪੋਸਟ ਬਿਉਰੋ: ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਅਰਪਿਤ ਨਗਰ ਕੀਰਤਨ ਦਾ ਬਰੈਂਪਟਨ ਵਿੱਚ ਗੁਰੂਦੁਆਰਾ ਗੁਰੂ ਨਾਨਕ ਮਿਸ਼ਨ ਸੈਂਟਰ ਅਤੇ ਗੁਰੂਦੁਆਰਾ ਜੋਤ ਪ੍ਰਕਾਸ਼ ਸਾਹਿਬ ਵੱਲੋਂ 9 ਜੂਨ ਐਤਵਾਰ ਵਾਲੇ ਦਿਨ ਆਯੋਜਿਤ ਕੀਤਾ ਗਿਆ। ਨਗਰ ਕੀਰਤਨ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਤੋਂ ਆਰੰਭ ਹੋ ਕੇ ਡਿਕਸੀ ਰੋਡ, ਸੈਂਡਲਵੁੱਪ ਪਾਰਕਵੇਅ, ਹੰਬਰਵੈਸਟ ਪਾਰਕਵੇਅ ਅਤੇ ਵਿਲੀਅਮਜ਼ ਪਾਰਕਵੇਅ ਹੁੰਦਾ ਹੋਇਆ ਆਪਣੀ ਮੰਜ਼ਲ ਗੁਰੂਦੁਆਰਾ ਜੋਤ ਪ੍ਰਕਾਸ਼ ਵਿਖੇ ਪੁੱਜਿਆ। ਨਗਰ ਕੀਰਤਨ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ ਜਿਸਦੀ ਅਗਵਾਈ ਵਿੱਚ ਸਿੱਖ ਮੋਟਰਸਾਈਕਲ ਕੱਲਬ ਦੇ ਮੈਂਬਰ ਆਪਣੀਆਂ ਮੋਟਰਸਾਈਕਲਾਂ ਉੱਤੇ ਚੱਲ ਰਹੇ ਸਨ।

ਨਗਰ ਕੀਰਤਨ ਦੇ ਵਿਸ਼ੇਸ਼ਤਾ ਇਹ ਰਹੀ ਕਿ ਇਸਦੇ ਰੂਟ ਉੱਤੇ ਵੱਖ 2 ਥਾਵਾਂ ਉੱਤੇ ਸੰਗਤਾਂ ਵੱਲੋਂ ਲੰਗਰ ਅਤੇ ਛਬੀਲਾਂ ਲਾਈਆਂ ਹੋਈਆਂ ਸਨ। ਕਈ ਚੁਣੇ ਹੋਏ ਰਾਜਨੀਤਕ ਨੁਮਾਇੰਦਿਆਂ ਨੇ ਵੀ ਸੰਗਤਾਂ ਨਾਲ ਹਾਜ਼ਰੀ ਭਰੀ ਜਿਸ ਵਿੱਚ ਸਿਟੀ ਕਾਉਂਸਲਰ ਹਰਕੀਰਤ ਸਿੰਘ, ਰੀਜਨਲ ਕਾਉਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਐਮ ਪੀ ਰੂਬੀ ਸਹੋਤਾ ਸ਼ਾਮਲ ਸਨ।



ਫੋਟੋ: ਕੰਵਲਜੀਤ ਕੰਵਲ

ਹੋਰ ਤਸਵੀਰਾਂ ਪੰਨਾ 13 'ਤੇ ਦੇਖੋ

## ਐਨਬੀਏ ਦੇ ਫਾਈਨਲਜ਼ ਵਿੱਚ ਐਂਗੇਜ ਕੈਨੇਡਾ ਨਾਲ ਹੋਵੇਗਾ ਕੰਜ਼ਰਵੇਟਿਵਾਂ ਦਾ ਮੁਕਾਬਲਾ

ਓਟਵਾ, 9 ਜੂਨ (ਪੋਸਟ ਬਿਊਰੋ) : ਐਨਬੀਏ ਦੇ ਫਾਈਨਲਜ਼ ਦੀ ਗੇਮ 5 ਦੌਰਾਨ ਸਿਰਫ ਦ ਟੋਰਾਂਟੋ ਰੈਪਟਰਜ਼ ਤੇ ਗੋਲਡਨ ਸਟੇਟ ਵਾਰੀਅਰਜ਼ ਹੀ ਨਹੀਂ ਹਨ ਜਿਹੜੇ ਸਕੋਰ ਬਣਾਉਣ ਦੀ ਕੋਸ਼ਿਸ਼ ਕਰਨਗੇ।

ਕੰਜ਼ਰਵੇਟਿਵ ਪਾਰਟੀ ਇਸ ਸਾਲ ਦੇ ਅੰਤ ਵਿੱਚ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਟੋਰੀ ਆਗੂ ਐਂਡਰਿਊ ਸ਼ੀਅਰ ਬਾਰੇ ਪ੍ਰਚਾਰ ਕਰਨ ਲਈ ਥਰਡ ਪਾਰਟੀ ਐਡਵੋਕੇਸੀ ਗਰੁੱਪ "ਐਂਗੇਜ ਕੈਨੇਡਾ" ਨਾਲ ਮੁਕਾਬਲਾ ਕਰੇਗੀ। ਬਾਸਕਿਟਬਾਲ ਦੇ ਮੈਚਾਂ ਦੌਰਾਨ ਕੰਜ਼ਰਵੇਟਿਵ ਪਾਰਟੀ ਵੱਲੋਂ ਟੀਵੀ ਉੱਤੇ ਜੰਮ ਕੇ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਰਹੀ ਹੈ। ਸ਼ੀਅਰ ਨੂੰ ਮੱਧਵਰਗ ਦੇ ਪਰਿਵਾਰ ਦੇ ਸਾਧਾਰਨ ਜਿਹੇ ਲੜਕੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜੋ ਕਿ



ਕਾਰਬਨ ਟੈਕਸ ਨੂੰ ਮਨਸੂਖ ਕਰੇਗਾ ਤੇ ਆਮ ਲੋਕਾਂ ਲਈ ਜ਼ਿੰਦਗੀ ਨੂੰ ਹੋਰ ਸੁਖਾਲਾ ਤੇ ਕਿਫਾਇਤੀ ਬਣਾਉਣ ਵਿੱਚ ਮਦਦ ਕਰੇਗਾ।

ਪਰ ਸੋਮਵਾਰ ਨੂੰ ਐਂਗੇਜ ਕੈਨੇਡਾ ਵੱਲੋਂ ਸ਼ੀਅਰ ਦੀ ਵੱਖਰੀ ਹੀ ਤਸਵੀਰ ਕੈਨੇਡੀਅਨਾਂ ਸਾਹਮਣੇ ਲਿਆਂਦੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼ੀਅਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਹਾਂ ਵਿੱਚ ਹਾਂ ਮਿਲਾਉਣ ਵਾਲੇ ਆਗੂ ਵਜੋਂ ਪੇਸ਼ ਕੀਤਾ ਜਾਵੇਗਾ। ਐਂਗੇਜ ਕੈਨੇਡਾ ਖੁਦ ਨੂੰ ਪੱਖਪਾਤ ਰਹਿਤ ਤੀਜੀ ਧਿਰ ਦੱਸਦੀ ਹੈ। ਸਾਬਕਾ ਲਿਬਰਲ ਤੇ ਐਨਡੀਪੀ ਸਟਰੈਟੇਜਿਸਟਸ ਵੱਲੋਂ ਇਸ ਗਰੁੱਪ ਨੂੰ ਕਾਇਮ ਕੀਤਾ ਗਿਆ ਸੀ। ਇਸ ਵਿੱਚ ਅਜਿਹੇ ਵਿਅਕਤੀ, ਲੇਬਰ ਸੰਸਥਾਵਾਂ ਤੇ ਪ੍ਰੋਫੈਸ਼ਨਲ ਐਸੋਸਿਏਸ਼ਨਜ਼ ਸ਼ਾਮਲ ਹਨ ਜਿਨ੍ਹਾਂ ਦਾ ਇੱਕ ਸਾਂਝਾ ਟੀਚਾ ਇਹ ਤੈਅ ਕਰਨਾ ਹੈ ਕਿ ਸ਼ੀਅਰ ਕਦੇ ਪ੍ਰਧਾਨ ਮੰਤਰੀ ਨਾ ਬਣ ਸਕਣ। ਇਹ ਗਰੁੱਪ 2015 ਵਿੱਚ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਖਿਲਾਫ ਵੀ ਇਸੇ ਤਰ੍ਹਾਂ ਹੀ ਸਰਗਰਮ ਸੀ।

...ਬਾਕੀ ਪੰਨਾ 6 'ਤੇ

## ਕੈਨੇਡੀਅਨਾਂ ਬਾਰੇ ਜਾਣਕਾਰੀ ਇੱਕਠੀ ਕਰਕੇ ਉਸ ਨੂੰ ਸਾਂਝੀ ਵੀ ਕਰ ਸਕਦੇ ਹਨ ਕੈਨੇਡਾ ਦੇ ਫੌਜੀ ਜਾਸੂਸ ?

ਓਟਵਾ, 9 ਜੂਨ (ਪੋਸਟ ਬਿਊਰੋ) : ਨਵੇਂ ਫੈਡਰਲ ਆਦੇਸ਼ਾਂ ਮੁਤਾਬਕ ਕੈਨੇਡਾ ਦੇ ਫੌਜੀ ਜਾਸੂਸ ਕੈਨੇਡੀਅਨ ਨਾਗਰਿਕਾਂ ਬਾਰੇ ਜਾਣਕਾਰੀ ਇੱਕਠੀ ਕਰਨ ਦੇ ਨਾਲ ਨਾਲ ਉਸ ਨੂੰ ਸਾਂਝੀ ਵੀ ਕਰ ਸਕਦੇ ਹਨ। ਇਸ ਵਿੱਚ ਉਹ ਜਾਣਕਾਰੀ ਵੀ ਸ਼ਾਮਲ ਹੋਵੇਗੀ ਜਿਹੜੀ ਬਾਇਚਾਂਸ ਇੱਕਠੀ ਕੀਤੀ ਗਈ ਹੋਵੇਗੀ। ਫੈਡਰਲ ਸਰਕਾਰ ਦੇ ਇਸ ਆਦੇਸ਼ ਮੁਤਾਬਕ ਇਹ ਸੱਭ ਉਦੋਂ ਹੀ ਸੰਭਵ ਹੋਵੇਗਾ ਜੇ ਕਿਸੇ ਤਰ੍ਹਾਂ ਦੀ ਜਾਂਚ ਚੱਲ ਰਹੀ ਹੋਵੇ ਤੇ ਇੱਕਠੀ ਕੀਤੀ ਜਾਣ ਵਾਲੀ ਸਮੱਗਰੀ ਉਸ ਵਿੱਚ ਮਦਦਗਾਰ ਹੋਵੇ।

ਫੌਜ ਦੇ ਖੁਫੀਆ ਏਜੰਟਾਂ ਵੱਲੋਂ ਕੈਨੇਡੀਅਨਾਂ ਸਬੰਧੀ ਨਿਜੀ ਡਾਟਾ ਹਾਸਲ ਕਰਨ ਦੇ ਖਿਆਲ ਨਾਲ ਹੀ ਕੈਨੇਡਾ ਦੇ ਸਿਵਲ ਲਿਬਰਟੀਜ਼ ਪੈਰੋਕਾਰ ਚਿੰਤਾ ਵਿੱਚ ਪੈ ਗਏ ਹਨ



ਕਿਉਂਕਿ ਇਹ ਸਪਸ਼ਟ ਨਹੀਂ ਕੀਤਾ ਗਿਆ ਹੈ ਕਿ ਸਾਈਬਰਸਪੇਸ ਰਾਹੀਂ ਕਿਸ ਹੱਦ ਤੱਕ ਅਜਿਹਾ ਡਾਟਾ ਇੱਕਠਾ ਕੀਤਾ ਜਾ ਸਕਦਾ ਹੈ। ਅਗਸਤ 2018 ਵਿੱਚ ਜਾਰੀ ਕੀਤੇ ਗਏ ਇਸ ਆਦੇਸ਼- "ਗਾਇਡੈਂਸ ਆਨ ਦ ਕੋਲੈਕਸ਼ਨ ਆਫ ਕੈਨੇਡੀਅਨ ਸਿਟੀਜ਼ਨ ਇਨਫਰਮੇਸ਼ਨ" ਤਹਿਤ ਨੈਸ਼ਨਲ ਡਿਫੈਂਸ ਇੰਪਲਾਈਜ਼ ਤੇ ਕੈਨੇਡੀਅਨ ਫੋਰਸਿਜ਼ ਨੂੰ ਇਹ ਹਦਾਇਤਾਂ ਹਨ ਕਿ ਕੈਨੇਡੀਅਨਾਂ ਬਾਰੇ ਇੱਕਠੀ ਕੀਤੀ ਗਈ ਜਾਣਕਾਰੀ ਦਾ ਮਿਲਟਰੀ ਦੇ ਆਪਰੇਸ਼ਨ ਜਾਂ ਗਤੀਵਿਧੀ ਨਾਲ ਕੋਈ ਸਿੱਧਾ ਤੇ ਫੌਰੀ ਸਬੰਧ ਹੋਣਾ ਚਾਹੀਦਾ ਹੈ।

...ਬਾਕੀ ਪੰਨਾ 6 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE
NOW HIRING !!!
LIFE INSURANCE • SUPER VISA INSURANCE
CRITICAL ILLNESS INS • MORTGAGE INSURANCE
TRAVEL & VISITOR INS • DISABILITY INSURANCE
RESP & TFSA & RRSP • FUNERAL INSURANCE
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home, Auto, Business, Trucking, R.E.S.P, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished
Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED!
OWNER OPERATORS
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
Qualifications: Minimum 2 years experience, Minimum 21 years of age with a clean abstract & CVOR.
New rates!!!!
Call Matt, or Wayne at 1-800-265-8526

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

JEYA JT TRANSPORT LTD.

## LOOKING FOR LONG/SHORT HAULS

**A/Z DRIVERS FOR USA/LOCAL CANADA/TORONTO-MONTREAL**

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੌਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

**ALSO HIRING OWNER OPERATORS**




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com



# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- ✓Diabetes
- ✓Low Energy
- ✓Depression
- ✓Anxiety
- ✓Gout
- ✓Disc Pain
- ✓Prostatitis
- ✓High Blood Pressure
- ✓Cron's Disease
- ✓Colitis
- ✓Stress
- ✓Acid Reflux
- ✓Digestive
- ✓Sleep Disorder



1st Month Discount

**FREE CONSULTATION:** **905-415-6999**
30 Wertheim court, Unit 11, Richmond Hill



TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

**WINTER & SPRING SPECIAL SALE**

Guaranteed lowest Price up to **50%** OFF

- WINDOWS
- FIBERGLASS DOORS
- STEEL DOORS
- SLIDING PATIO DOORS

- Honest & fair prices
- Professional installation
- High quality products
- First class service

For 5 Stars Reviews Online & Testimonial visit: https://thwindowsdoors.com/testimonials/



Phone: 416-661-6666 | Toll Free: 1-855-550-0610

7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



**Data everywhere. No surprise charges anywhere.**

NEW

**NATION-WIDE. NO ZONES.**
TALK, TEXT & DATA PLANS
**$35/MO.**

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਮ ਅੱਜ ਨਾਮਾ

ਹਾਫਿਜ਼ ਸਈਦ ਨੂੰ ਪਾਲਿਆ ਆਪ ਜਿਨ੍ਹਾਂ,
ਲੱਗਿਆ ਲੀਡਰਾਂ ਨੂੰ ਜਾਪੇ ਸਹਿਮ ਮੀਆਂ।
ਰਹਿਣਾ ਹਿੰਦ ਦੇ ਪਿੱਛੇ ਹੈ ਪਿਆ ਇਹਨੇ,
ਸੀਗਾ ਉਨ੍ਹਾਂ ਨੂੰ ਏਦਾਂ ਦਾ ਵਹਿਮ ਮੀਆਂ।
ਖਤਰਾ ਹੋਂਦ ਨੂੰ ਪਿਆ ਨਹੀਂ ਜਦੋਂ ਤੀਕਰ,
ਸੀਗਾ ਭਾਰਤ ਵਿਰੋਧ ਹੀ ਅਹਿਮ ਮੀਆਂ।
ਆ ਗਿਆ ਆਪਣੇ ਵੱਲ ਤਾਂ ਨੀਂਦ ਉੱਡੀ,
ਮੰਗਣ ਲੱਗੇ ਆ ਰੱਬ ਤੋਂ ਰਹਿਮ ਮੀਆਂ।
ਬਿੱਲੀ ਸ਼ੀਂਹ ਪੜ੍ਹਾਇਆ ਸੀ ਆਪ ਜਿਹੜਾ,
ਉਹੀ ਬਿੱਲੀ ਦੇ ਮਗਰ ਗਿਆ ਲੱਗ ਮੀਆਂ।
ਹਾਫਿਜ਼ ਸਈਦ ਤੋਂ ਇੰਜ ਉਹ ਡਰਨ ਲੱਗੇ,
ਡਰਦਾ ਬਾਘ ਤੋਂ ਜਿੱਦਾਂ ਕੋਈ ਵੱਗ ਮੀਆਂ।

ਤੀਸ ਮਾਰ ਖਾਂ

# ਅੰਤਰਰਾਸ਼ਟਰੀ ਵਿੱਦਿਆਰਥੀ ਅਰਸ਼ ਵੋਹਰਾ ਨੇ ਵਿੰਡਸਰ ਯੂਨੀਵਰਸਿਟੀ ਦੀ ਐਮ ਟੈਕ ਪ੍ਰੀਖਿਆ ਵਿੱਚ ਨਾਮਣਾ ਖੱਟਿਆ



ਟੋਰਾਂਟੋ ਪੋਸਟ ਬਿਊਰੋ: ਬੀਤੇ ਵਿੱਚ ਭਾਰਤ ਖਾਸ ਕਰਕੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿੱਦਿਆਰਥੀਆਂ ਨੂੰ ਲੈ ਕੇ ਲੜਾਈ ਝਗੜਿਆਂ ਦੀਆਂ ਖ਼ਬਰਾਂ ਕੈਨੇਡਾ ਵਿੱਚ ਅਕਸਰ ਵੱਡੇ ਪੱਧਰ ਉੱਤੇ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ। ਇਸ ਰੁਝਾਨ ਤੋਂ ਉਲਟ ਜਾਂਦਿਆਂ ਪੰਜਾਬ ਤੋਂ ਕੈਨੇਡਾ ਪੜਨ ਆਏ ਅਰਸ਼ ਵੋਹਰਾ ਨੇ ਵਿੱਦਿਆ ਵਿੱਚ ਚੰਗੀ ਪ੍ਰਾਪਤੀ ਕਰਕੇ ਅੰਤਰਰਾਸ਼ਟਰੀ ਵਿੱਦਿਆਰਥੀਆਂ ਦੇ ਅਕਸ ਨੂੰ ਵੱਖਰੀ ਰੰਗਤ ਦਿੱਤੀ ਹੈ। ਪੰਜਾਬ ਦੇ ਫਿਰੋਜ਼ਪੁਰ ਜ਼ਿਲੇ ਵਿੱਚ ਪੈਂਦੇ ਇਤਿਹਾਸਕ ਕਸਬੇ ਗੁਰੂ ਹਰਸਹਾਏ ਨਾਲ ਸਬੰਧਿਤ ਅਰਸ਼ ਵੋਹਰਾ ਨੇ ਵਿੰਡਸਰ ਯੂਨੀਵਰਸਿਟੀ ਵਿੱਚ ਇੰਲੈਕਟ੍ਰੀਕਲ ਅਤੇ ਕੰਪਿਊਟਰ ਇੰਜੀਨੀਅਰਿੰਗ ਦੇ ਮਾਸਟਰ ਆਫ ਤਕਨਾਲੋਜੀ ਕੋਰਸ ਦੇ ਹਰ ਸੈਸ਼ਨ ਵਿੱਚ ਪ੍ਰੀਖਿਆਵਾਂ ਅੱਵਲ ਦਰਜੇ ਵਿੱਚ ਪਾਸ ਕੀਤੀਆਂ ਹਨ। ਅਜਿਹਾ ਕਰਨ ਨਾਲ ਉਹ ਯੂਨੀਵਰਸਿਟੀ ਵਿੱਚੋਂ ਕੋਰਸ ਨੂੰ ਉੱਚ ਅੰਕ ਪ੍ਰਾਪਤ ਕਰਨ ਵਾਲੇ ਚੋਟੀ ਦੇ 10 ਵਿੱਦਿਆਰਥੀਆਂ ਵਿੱਚ ਸ਼ਾਮਲ ਹੋਇਆ ਹੈ। ਇਸ ਪ੍ਰਾਪਤੀ ਲਈ ਅਰਸ਼ ਨੂੰ ਯੂਨੀਵਰਸਿਟੀ ਵਿੱਚ ਵਿਸ਼ੇਸ਼ ਰੂਪ ਵਿੱਚ ਸਨਮਾਨਤ ਕੀਤਾ ਗਿਆ।

ਅਰਸ਼ ਵੋਹਰਾ ਦੀ ਕਨਵੋਕੇਸ਼ਨ ਵਿੱਚ ਹਿੱਸਾ ਲੈਣ ਪੁੱਜੇ ਉਸਨੇ ਪਿਤਾ ਇੰਜੀਨੀਅਰ ਪਿੰਕਾ ਵੋਹਰਾ ਅਤੇ ਮਾਤਾ ਰਵਨੀਤ ਵੋਹਰਾ ਨੇ ਦੱਸਿਆ ਕਿ ਅਰਸ਼ ਮੁੱਢ ਤੋਂ ਹੀ ਇੱਕ ਸੰਜੀਦਾ ਸਖ਼ਸ਼ੀਅਤ ਵਾਲਾ ਬੱਚਾ ਰਿਹਾ ਹੈ ਜੋ ਆਪਣੇ ਕੰਮ ਅਤੇ ਪੜਾਈ ਨੂੰ ਖ਼ੁਦ ਕਰਨ ਵਿੱਚ ਯਕੀਨ ਰੱਖਦਾ ਹੈ। ਕੈਨੇਡਾ ਵਿੱਚ ਅਰਸ਼ ਦਾ ਮਾਰਗ ਦਰਸ਼ਨ ਕਰਨ ਵਾਲੇ ਗੁਰਪ੍ਰੀਤ ਸੋਢੀ ਨੇ ਕਿਹਾ ਕਿ ਅਰਸ਼ ਦੀ ਸਫ਼ਲਤਾ ਉਹਨਾਂ ਪੰਜਾਬੀ ਵਿੱਦਿਆਰਥੀਆਂ ਲਈ ਕੁੱਝ ਚੰਗਾ ਕਰਨ ਦਾ ਕਾਰਣ ਬਣ ਸਕਦੀ ਹੈ ਜੋ ਆਪਣੇ ਮਾਪਿਆਂ ਦੀ ਸਖ਼ਤ ਮਿਹਨਤ ਦੀ ਕਮਾਈ ਦੇ ਖਰਚੇ ਉੱਤੇ ਵਿਦੇਸ਼ਾਂ ਵਿੱਚ ਪੜਨ ਆਉਂਦੇ ਹਨ।

## ਓਬਰ ਹੈਲੀਕਾਪਟਰ ਸੇਵਾ ਸ਼ੁਰੂ ਕਰੇਗੀ

ਮੈਲਬਰਨ, 9 ਜੂਨ (ਪੋਸਟ ਬਿਊਰੋ)– ਟੈਕਨਾਲੋਜੀ ਕੰਪਨੀ ਓਬਰ ਨੇ ਟੈਕਸੀ ਤੇ ਫੂਡ ਸਰਵਿਸ ਦੇ ਜ਼ਰੀਏ ਦੁਨੀਆ ਵਿੱਚ ਪਛਾਣ ਬਣਾਈ ਹੈ। ਅੱਗੋਂ ਇਹ ਕੰਪਨੀ ਗਰਮੀਆਂ ਦੀਆਂ ਛੁੱਟੀਆਂ ਵਿੱਚ ਨਿਊ ਯਾਰਕ ਵਿੱਚ ਭੀੜ ਵਾਲੀਆਂ ਸੜਕਾਂ 'ਤੇ ਲੋਕਾਂ ਨੂੰ ਹੈਲੀਕਾਪਟਰ ਸਹੂਲਤ ਦੇਵੇਗੀ। ਆਸਟਰੇਲੀਆ ਵਿੱਚ ਓਬਰ ਟੂਰਿਸਟਾਂ ਨੂੰ ਸਮੁੰਦਰੀ ਡੂੰਘਾਈਆਂ ਦਾ ਤਜਰਬਾ ਕਰਾਉਣ ਲਈ ਪਣਡੁੱਬੀ ਸੇਵਾ ਸ਼ੁਰੂ ਕਰ ਰਹੀ ਹੈ, ਜਿਸ ਨੂੰ ਲੋਕ ਐਪ ਨਾਲ ਬੁੱਕ ਕਰਵਾ ਸਕਣਗੇ। ਯੂ ਐੱਸ ਏ ਟੂਡੇ ਦੀ ਰਿਪੋਰਟ ਅਨੁਸਾਰ ਨਿਊ ਯਾਰਕ ਦੇ ਮੈਨਹਟਨ ਤੋਂ ਜਾਨ ਐਫ ਕੈਨੇਡੀ ਹਵਾਈ ਅੱਡੇ ਤੱਕ ਓਬਰ ਆਪਣੀ ਹੈਲੀਕਾਪਟਰ ਟੈਕਸੀ ਸੇਵਾ ਸ਼ੁਰੂ ਕਰੇਗੀ। ਯਾਤਰੀਆਂ ਲਈ ਇਹ ਉਡਾਣ ਕਰੀਬ ਅੱਠ ਮਿੰਟ ਦੀ ਹੋਵੇਗੀ। ਨੌਂ ਜੁਲਾਈ ਨੂੰ ਸ਼ੁਰੂ ਹੋ ਰਹੀ ਇਸ ਸੇਵਾ ਲਈ ਯਾਤਰੀਆਂ ਨੂੰ 200 ਡਾਲਰ ਦਾ ਭੁਗਤਾਨ ਕਰਨਾ ਹੋਵੇਗਾ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593


## 2021 ਤੱਕ ਪਲਾਸਟਿਕ ਦੀ ਸਿੰਗਲ ਵਰਤੋਂ ਵਾਲੀਆਂ ਚੀਜ਼ਾਂ ਉੱਤੇ ਲਿਬਰਲ ਸਰਕਾਰ ਲਾ ਸਕਦੀ ਹੈ ਪਾਬੰਦੀ

ਓਟਵਾ, 9 ਜੂਨ (ਪੋਸਟ ਬਿਊਰੋ) : ਲਿਬਰਲ ਸਰਕਾਰ ਸੋਮਵਾਰ ਨੂੰ ਜਲਦ ਤੋਂ ਜਲਦ ਭਾਵ 2021 ਤੱਕ ਪਲਾਸਟਿਕ ਦੀ ਸਿੰਗਲ ਵਰਤੋਂ ਉੱਤੇ ਪਾਬੰਦੀ ਲਾਉਣ ਦਾ ਐਲਾਨ ਕਰਨ ਜਾ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਵਿੱਚ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਪਲਾਸਟਿਕ ਦੀਆਂ ਜਿਹੜੀਆਂ ਚੀਜ਼ਾਂ ਉੱਤੇ ਪਾਬੰਦੀ ਲਾਈ ਜਾਵੇਗੀ ਇਸ ਬਾਰੇ ਜਨਤਾ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਪਤਾ ਲੱਗੇਗਾ। ਜ਼ਿਕਰਯੋਗ ਹੈ ਕਿ ਸਰਕਾਰ ਦਾ ਇਹ ਕਦਮ ਯੂਰਪੀਅਨ ਯੂਨੀਅਨ ਦੇ ਪਲਾਸਟਿਕ ਉੱਤੇ ਪਾਬੰਦੀ ਲਾਉਣ ਦੇ ਫੈਸਲੇ ਤੋਂ ਪ੍ਰਭਾਵਿਤ ਹੈ। ਯੂਰਪੀਅਨ ਯੂਨੀਅਨ ਨੇ ਆਪਣੇ ਸਾਰੇ ਮੈਂਬਰ ਦੇਸ਼ਾਂ ਨੂੰ ਇਕਹਿਰੀ ਵਰਤੋਂ ਵਾਲੀ ਪਲਾਸਟਿਕ ਕਟਲਰੀ, ਸਟਰਾਅਜ਼, ਸਟਿਰ ਸਟਿੱਕਜ਼ ਤੇ ਕਾਟਨ ਸਵੈਬਜ਼ ਤੋਂ 2021 ਤੱਕ ਪਾਬੰਦੀ ਲਾਉਣ ਲਈ ਆਖਿਆ ਹੈ। ਯੂਨਾਈਟਿਡ ਕਿੰਗਡਮ ਵੀ ਇਨ੍ਹਾਂ ਸਾਰੀਆਂ ਵਸਤਾਂ ਉੱਤੇ ਪਾਬੰਦੀ ਲਾਉਣ ਦੀ ਤਿਆਰੀ ਕਰ ਰਿਹਾ ਹੈ।

ਪਲਾਸਟਿਕ ਵਾਲੀਆਂ ਚੀਜ਼ਾਂ ਕਾਰਨ ਸਮੁੰਦਰਾਂ ਵਿੱਚ ਵੱਧ ਰਹੇ ਪਲਾਸਟਿਕ ਪ੍ਰਦੂਸ਼ਣ ਦੀ ਚਿੰਤਾ ਕਾਰਨ ਹੀ ਸਰਕਾਰ ਵੱਲੋਂ ਇਹ ਐਲਾਨ ਕੀਤਾ ਜਾਵੇਗਾ। ਚੈਰਿਟੀ ਐਨਵਾਇਰਮੈਂਟਲ ਡਿਫੈਂਸ ਕੈਨੇਡਾ ਦੇ ਡਾਇਰੈਕਟਰ ਟਿੰਮ ਗ੍ਰੇਅ ਦਾ ਕਹਿਣਾ ਹੈ ਕਿ ਇਸ ਦੌਰਾਨ ਡਿਸਪੋਜ਼ੇਬਲ ਕਟਲਰੀ, ਪਲਾਸਟਿਕ ਸਟਰਾਅਜ਼, ਕੁੱਝ ਪਲਾਸਟਿਕ ਬੈਗਜ਼, ਸਟਾਇਰੋਫੋਮ ਕੰਟੇਨਰਜ਼ ਤੇ ਕਾਲੇ ਰੰਗ ਦੇ ਪਲਾਸਟਿਕ ਟੇਕਆਊਟ ਕੰਟੇਨਰਜ਼ ਉੱਤੇ ਪਾਬੰਦੀ ਲਾਈ ਜਾ ਸਕੇਗੀ। ਉਨ੍ਹਾਂ ਆਖਿਆ ਕਿ ਇਨ੍ਹਾਂ ਚੀਜ਼ਾਂ ਨੂੰ ਮੁੜ ਵਰਤੋਂ ਵਿੱਚ ਆਉਣ ਵਾਲੇ ਉਤਪਾਦਾਂ ਜਾਂ ਡਿਸਪੋਜ਼ੇਬਲ ਉਤਪਾਦਾਂ ਨਾਲ ਬਦਲਿਆ ਜਾ ਸਕਦਾ ਹੈ ਜੋ ਕਿ ਬਾਇਓਡੀਗ੍ਰੇਡੇਬਲ ਹੁੰਦੇ ਹਨ। ਜਿਵੇਂ ਕਿ ਕਾਗਜ਼ ਤੋਂ ਬਣੀਆਂ ਸਟਰਾਅਜ਼ ਤੇ ਪੌਦਿਆਂ ਤੋਂ ਤਿਆਰ ਫੂਡ ਕੰਟੇਨਰਜ਼ ਆਦਿ ਦੀ ਵਰਤੋਂ ਇਨ੍ਹਾਂ ਪਲਾਸਟਿਕ ਵਾਲੀਆਂ ਚੀਜ਼ਾਂ ਲਈ ਕੀਤੀ ਜਾ ਸਕਦੀ ਹੈ।

ਗ੍ਰੇਅ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਫੈਡਰਲ ਸਰਕਾਰ ਇਸ ਤੋਂ ਵੀ ਅਗਾਂਹ ਜਾਵੇਗੀ ਤੇ ਇਹ ਸ਼ਰਤ ਰੱਖੇਗੀ ਕਿ ਜਿਨ੍ਹਾਂ ਪਲਾਸਟਿਕ ਦੀਆਂ ਵਸਤਾਂ ਉੱਤੇ ਪਾਬੰਦੀ ਨਹੀਂ ਲਾਈ ਜਾਵੇਗੀ ਉਨ੍ਹਾਂ ਵਿੱਚ ਰੀਸਾਇਕਲ ਹੋਣ ਵਾਲੀ ਸਮੱਗਰੀ ਜ਼ਰੂਰ ਹੋਵੇ। ਉਨ੍ਹਾਂ ਆਖਿਆ ਕਿ ਕੈਨੇਡਾ ਵਿੱਚ ਪਲਾਸਟਿਕ ਸਮੱਸਿਆ ਬਣ ਚੁੱਕੀ ਹੈ ਤੇ ਇਹ ਪੂਰੀ ਦੁਨੀਆ ਲਈ ਸਮੱਸਿਆ ਹੈ। ਅੱਜਕੱਲ੍ਹ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਬੀਚ ਉੱਤੇ ਜਿਹੜੀਆਂ ਮਰੀਆਂ ਹੋਈਆਂ ਵ੍ਹੇਲ ਮਿਲ ਰਹੀਆਂ ਹਨ ਉਨ੍ਹਾਂ ਦੇ ਢਿੱਡ ਵਿੱਚ ਪਲਾਸਟਿਕ ਹੁੰਦਾ ਹੈ। ਸਾਡੇ ਸਮੁੰਦਰਾਂ ਦੇ ਕਿਨਾਰਿਆਂ ਉੱਤੇ ਪਲਾਸਟਿਕ ਵਹਿ ਕੇ ਆ ਜਾਂਦਾ ਹੈ। ਇਹ ਸਾਡੀਆਂ ਸਟਰੀਟਜ਼ ਉੱਤੇ ਵੀ ਵੇਖਣ ਨੂੰ ਮਿਲਦਾ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਯੂਨਾਈਟਿਡ ਕਿੰਗਡਮ ਤੇ ਯੂਰਪੀਅਨ ਯੂਨੀਅਨ ਨੇ ਓਸ਼ਨ ਪਲਾਸਟਿਕਸ ਚਾਰਟਰ ਅਪਣਾਇਆ ਸੀ, ਜਿਸ ਤਹਿਤ ਪਲਾਸਟਿਕਸ ਦੀ ਮੈਨੇਜਮੈਂਟ ਸਬੰਧੀ ਪਹੁੰਚ ਬਾਰੇ ਤਹੱਈਆ ਪ੍ਰਗਟਾਇਆ ਗਿਆ ਸੀ। ਫੈਡਰਲ ਸਰਕਾਰ ਅਨੁਸਾਰ ਦੁਨੀਆ ਭਰ ਵਿਚ ਸਾਲਾਨਾ 150 ਮਿਲੀਅਨ ਟੰਨ ਨਕਾਰਾ ਪਲਾਸਟਿਕ ਸਮੁੰਦਰਾਂ ਵਿਚ ਸੁੱਟਿਆ ਜਾਂਦਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸੇ ਲਈ ਫੈਡਰਲ ਸਰਕਾਰ ਪਹਿਲ ਦੇ ਆਧਾਰ ਉੱਤੇ ਇਸ ਪਾਸੇ ਕੰਮ ਕਰਨਾ ਚਾਹੁੰਦੀ ਹੈ।


PROPERTIES FOR SALE





5018 Eighth Line (Erin/Georgetown)
Country lot. Detached Bungalow. Close to town. Finished basement. Separate entrance Outbuildings. 3 + 1 bedroom 2 bathrooms





47 Eldomar, Brampton
Detached home. Good area Walking distance to everything Finished Basement.Separate entrance 3 bedrooms 2 bathrooms. Good Parking.





Angela MEYER
Sales Representative
Ipro Realty Ltd. Brokerage
905-691-0672
www.angelameyer.ca
RealEstateToAsk4@gmail.com



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4



SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਕੇਂਦਰ ਸਰਕਾਰ ਹਿੰਸਾ ਮੁੱਦੇ ਤੋਂ ਪੱਛਮੀ ਬੰਗਾਲ ਵਿਰੁੱਧ ਸਖ਼ਤੀ ਕਰਨ ਲੱਗੀ



ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਪਿਛਲੇ ਮਹੀਨੇ ਹੋਈਆਂ ਲੋਕ ਸਭਾਚੋਣਾਂ ਮਗਰੋਂ ਪੱਛਮੀ ਬੰਗਾਲ ਵਿੱਚ ਚੱਲਦੀ ਹਿੰਸਾ ਤੇ ਲੋਕਾਂ ਦੀਆਂ ਮੌਤ ਬਾਰੇ ਕੇਂਦਰ ਸਰਕਾਰ ਨੇ ਸਖ਼ਤ ਰੁਖ਼ ਅਪਣਾ ਲਿਆ ਤੇ ਸਿੱਧੇ ਸ਼ਬਦਾਂ ਵਿੱਚ ਰਾਜ ਸਰਕਾਰ ਨੂੰ ਐਡਵਾਈਜ਼ਰੀ ਜਾਰੀ ਕਰ ਕੇ ਗ੍ਰਹਿ ਮੰਤਰਾਲੇ ਨੇ ਤੁਰੰਤ ਪ੍ਰਭਾਵਸ਼ਾਲੀ ਕਦਮ ਚੁੱਕਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਵਿਚ ਲੰਮੇ ਸਮੇਂ ਤੋਂਹਿੰਸਾ ਦੀਆਂ ਖ਼ਬਰਾਂ ਆ ਰਹੀਆਂ ਸਨ, ਪਰ ਚੋਣਾਂ ਦੌਰਾਨ ਹਿੰਸਕ ਘਟਨਾਵਾਂ ਤੇਜ਼ੀ ਨਾਲ ਵਧੀਆਂ ਸਨ। ਚੋਣਾਂ ਵੇਲੇ ਚੋਣ ਮਸ਼ੀਨਰੀ ਤੇ ਸੁਰੱਖਿਆ ਫੋਰਸਾਂ ਨੂੰ ਇਸ ਰਾਜ ਵਿਚ ਸਖ਼ਤ ਮਿਹਨਤ ਕਰਨੀ ਪਈ ਤੇ ਚੋਣਾਂ ਹੋਣ ਤੋਂ ਬਾਅਦ ਵੀ ਹਿੰਸਾ ਦਾ ਦੌਰ ਰੁਕਿਆ ਨਹੀਂ। ਏਥੇ ਲਗਾਤਾਰ ਚੱਲ ਰਹੀ ਹਿੰਸਾ ਵਿੱਚ ਕਾਨੂੰਨ ਵਿਵਸਥਾ ਦੇ ਪੂਰੀ ਤਰ੍ਹਾਂ ਖਤਮ ਹੋਣ ਦਾ ਇਸ਼ਾਰਾ ਕਰ ਕੇ ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਪਿੱਛੋਂ ਕੇਂਦਰ ਦੇ ਗ੍ਰਹਿ ਮੰਤਰੀ ਤੋਂ ਜਾਰੀ ਹੋਈ ਪਹਿਲੀ ਐਡਵਾਈਜ਼ਰੀ ਵਿੱਚ ਰਾਜ ਸਰਕਾਰ ਨੂੰ ਸਖ਼ਤ ਸ਼ਬਦਾਂ ਵਿਚ ਜ਼ਰੂਰੀ ਕਦਮ ਚੁੱਕਣ ਨੂੰਕਿਹਾ ਗਿਆ ਹੈ। ਅਮਿਤ ਸ਼ਾਹ ਨੇ ਹਿੰਸਕ ਘਟਨਾਵਾਂ ਬਾਰੇਪੱਛਮੀ ਬੰਗਾਲ ਸਰਕਾਰ ਤੋਂ ਰਿਪੋਰਟ ਵੀ ਮੰਗੀ ਹੈ।

ਕੇਂਦਰ ਸਰਕਾਰ ਨੇ ਇਸ ਸੰਬੰਧ ਵਿੱਚ ਰਾਜ ਸਰਕਾਰ ਨੂੰ ਸਪੱਸ਼ਟ ਕਿਹਾ ਹੈ ਕਿ ਜੇ ਕਾਨੂੰਨ-ਵਿਵਸਥਾ ਦੀ ਪਾਲਣਾ ਕਰਾਉਣ ਵਾਲੇ ਅਧਿਕਾਰੀ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਨਿਕਲਣ ਤਾਂ ਉਨ੍ਹਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਐਡਵਾਈਜ਼ਰੀ ਵਿੱਚਕੇਂਦਰੀ ਗ੍ਰਹਿ ਮੰਤਰਾਲੇ ਨੇ ਲਿਖਿਆ ਹੈ ਕਿ ਬੀਤੇ ਕੁਝ ਹਫ਼ਤਿਆਂ ਤੋਂਹੁੰਦੀ ਹਿੰਸਾ ਤੋਂਜਾਪਦਾ ਹੈ ਕਿ ਰਾਜ ਸਰਕਾਰ ਦੀ ਮਸ਼ੀਨਰੀ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਅਤੇ ਲੋਕਾਂ ਦਾ ਭਰੋਸਾ ਕਾਇਮ ਰੱਖਣ ਵਿਚ ਅਸਫਲ ਸਾਬਤ ਹੋ ਰਹੀ ਹੈ। ਗ੍ਰਹਿ ਮੰਤਰਾਲੇ ਦੇ ਇਕ ਅਫਸਰ ਨੇ ਕਿਹਾ ਕਿ ਆਮ ਚੋਣਾਂ ਖਤਮ ਹੋ ਜਾਣਤੋਂ ਬਾਅਦ ਵੀ ਹਿੰਸਾ ਜਾਰੀ ਰਹਿਣ ਉੱਤੇ ਕੇਂਦਰ ਸਰਕਾਰ ਨੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

ਪਤਾ ਲੱਗਾ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਸਮਝਦਾ ਹੈ ਕਿ ਤਾਜ਼ਾ ਰਿਪੋਰਟਾਂ ਅਨੁਸਾਰ ਚੋਣਾਂ ਤੋਂ ਬਾਅਦ ਵੀ ਇਸ ਰਾਜ ਵਿਚ ਹਿੰਸਾ ਦਾ ਦੌਰ ਰੁਕਿਆਨਹੀਂ। ਇਸ ਸ਼ਨਿਚਰਵਾਰ ਉਤਰ 24 ਪਰਗਨਾ ਜ਼ਿਲ੍ਹੇ ਦੇ ਸੰਦੇਸ਼ਖਾਲੀ ਵਿਧਾਨ ਸਭਾ ਹਲਕੇ ਵਿੱਚ ਦੋ ਧਿਰਾਂਦੀ ਹਿੰਸਕ ਝੜਪ ਫਿਰ ਹੋਈ ਹੈ। ਇਸ ਵਿਵਾਦ ਦਾ ਮੁੱਢ ਭਾਜਪਾ ਦਾ ਝੰਡਾ ਹਟਾਉਣ ਤੋਂ ਬੱਝਾ ਸੀ। ਭਾਜਪਾ ਆਗੂ ਮੁਕੁਲ ਰਾਏ ਦਾ ਕਹਿਣਾ ਹੈ ਕਿ ਇਸ ਝੜਪ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਲੋਕਾਂ ਨੇ ਭਾਜਪਾ ਦੇ ਚਾਰ ਬੰਦਿਆਂਨੂੰ ਗੋਲ਼ੀਆਂ ਮਾਰ ਕੇ ਮਾਰ ਦਿੱਤਾ ਹੈ। ਦੂਸਰੇ ਪਾਸੇ ਟੀ ਐੱਮਸੀ ਨੇ ਇਸਵਿੱਚ ਆਪਣੇ ਇਕ ਮੈਂਬਰ ਦੇ ਮਾਰੇ ਜਾਣ ਦਾ ਦੋਸ਼ ਭਾਜਪਾ ਉੱਤੇ ਲਾਇਆ ਹੈ।

# ਸਿੱਖ ਦੰਗਾ ਪੀੜਤਾਂ ਲਈ ਬਿਜਲੀ ਬਿੱਲ ਕੇਜਰੀਵਾਲ ਸਰਕਾਰ ਮਾਫ਼ ਕਰਨ ਲੱਗੀ



ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਨੇੜੇ ਆਉਣ ਉੱਤੇ ਦਿੱਲੀ ਮੈਟਰੋ ਤੇ ਬੱਸਾਂ ਵਿਚ ਔਰਤਾਂ ਨੂੰ ਮੁਫ਼ਤ ਸਫ਼ਰ ਦੇ ਐਲਾਨ ਤੋਂ ਬਾਅਦ ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਇਕ ਹੋਰ ਫੈਸਲਾ ਲਾਗੂ ਕਰਨ ਲੱਗੀ ਹੈ। ਪਤਾ ਲੱਗਾ ਹੈ ਕਿ ਉਹ ਸਾਲ 1984 ਦੇ ਸਿੱਖ ਵਿਰੋਧੀ ਦੰਗਾ ਪੀੜਤਾਂ ਦੇ ਬਿਜਲੀ ਬਿੱਲ ਮਾਫ਼ ਕਰ ਦੇਵੇਗੀ। ਇਸ ਸਕੀਮ ਦੇ ਲਾਗੂ ਹੋਣ ਨਾਲ ਬਿਜਲੀ ਬਿੱਲ ਵਿੱਚ 400 ਯੂਨਿਟ ਤੋਂ ਬਿਜਲੀ ਖਪਤ ਵਧਣ ਉੱਤੇ ਵੀ ਯੋਜਨਾ ਲਾਭ ਮਿਲੇਗਾ, ਪਰ ਇਸ ਤੋਂ ਉਪਰ ਦੀ ਬਿਜਲੀ ਖਪਤ ਦਾ ਸਿਰਫ ਸਰਚਾਰਜ ਦੇਣਾ ਪਵੇਗਾ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਸਰਕਾਰ ਨੇ ਰੈਵੇਨਿਊ ਵਿਭਾਗ ਨੂੰ ਸਾਲ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਦੀ ਸੂਚੀ ਬਣਾਉਣ ਨੂੰ ਕਿਹਾ ਹੈ, ਜਿਸ ਵਿਚ ਉਹ ਪਰਿਵਾਰ ਸ਼ਾਮਲ ਹੋਣਗੇ, ਜੋ ਉਨ੍ਹਾਂ ਘਟਨਾਵਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਰਹੇ ਹਨ। ਇਸ ਤੋਂ ਪਹਿਲਾਂ 24 ਮਈ 2017 ਨੂੰ ਕੇਜਰੀਵਾਲ ਸਰਕਾਰ ਨੇ ਆਪਣੇ ਇੱਕ ਫੈਸਲੇ ਨਾਲ ਦੋ ਹਜ਼ਾਰ ਤੋਂ ਵੱਧ ਸਿੱਖ ਵਿਰੋਧੀ ਦੰਗਾ ਪੀੜਤ ਪਰਿਵਾਰਾਂ ਦੇ ਬਿਜਲੀ ਬਿੱਲ ਮੁਆਫ਼ ਕਰ ਦਿੱਤੇ ਤਾਂ ਇਸ ਨਾਲ 2, 274 ਪਰਿਵਾਰਾਂ ਨੂੰ ਲਾਭ ਮਿਲਣ ਲੱਗਾ ਸੀ। ਇਹ ਲਾਭ ਪ੍ਰਤੀ ਕੁਨੈਕਸ਼ਨ 400 ਯੂਨਿਟ ਤੈਅ ਕੀਤਾ ਸੀ, ਪਰ ਇਸ ਦੀ ਅੜਚਣ ਇਹ ਸੀ ਕਿ ਜੇ 400 ਯੂਨਿਟ ਤੋਂ ਇਕ ਵੀ ਯੂਨਿਟ ਬਿਜਲੀ ਦੀ ਖਪਤ ਵਧਦੀ ਤਾਂ ਯੋਜਨਾ ਲਾਭ ਉਸਪਰਵਾਰ ਨੂੰ ਨਹੀਂ ਮਿਲਦਾ ਸੀ। ਇਸ ਵਾਰੀ ਸਰਕਾਰ ਇਸ ਵਿਚ ਸੋਧ ਕਰੇਗੀ ਕਿ ਕਿਸੇ ਖਪਤਕਾਰ ਤੋਂ 400 ਤੋਂ ਵੱਧ ਯੂਨਿਟ ਦਾ ਬਿੱਲ ਲਈ ਵਸੂਲਿਆ ਜਾਵੇਗਾ, ਜੇ ਖਪਤ 410 ਯੂਨਿਟ ਦੀ ਹੋਈ ਤਾਂ ਸਿਰਫ਼ 10 ਯੂਨਿਟ ਦੇ ਪੈਸੇ ਵਸੂਲੇ ਜਾਣਗੇ। ਇਸ ਦਾ ਇਕ ਨਿਯਮ ਇਹ ਹੈ ਕਿ ਇਸ ਦਾ ਲਾਭ ਉਨ੍ਹਾਂ ਨੂੰ ਮਿਲੇਗਾ ਜਿਨ੍ਹਾਂਕੋਲ ਕੁਝ ਕਾਲੋਨੀਆਂਦੇ ਸਰਕਾਰ ਦੇ ਦਿੱਤੇ ਫਲੈਟ ਹਨ। ਜਿਹੜੇ ਲੋਕ ਉਨ੍ਹਾਂ ਕਾਲੋਨੀਆਂ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਹੀ ਇਹ ਲਾਭ ਮਿਲ ਸਕਦਾ ਹੈ।

# ਪਾਕਿਸਤਾਨੀ ਜਹਾਜ਼ ਵਿੱਚ ਮਹਿਲਾ ਮੁਸਾਫਰ ਨੇ ਟਾਇਲੇਟ ਭੁਲੇਖੇ ਐਮਰਜੈਂਸੀ ਦਰਵਾਜ਼ਾ ਖੋਲ੍ਹ ਦਿੱਤਾ

### * ਸਾਰਾ ਕੁਝ ਠੀਕ ਕਰਨ ਲਈ ਫਲਾਈਟ ਕਈ ਘੰਟੇ ਲੇਟ ਹੋਈ

ਇਸਲਾਮਾਬਾਦ, 9 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ ਆਈ ਏ) ਦੀ ਉਡਾਣ ਦੇਉੱਡਣ ਤੋਂ ਪਹਿਲਾਂ ਇੱਕ ਮਹਿਲਾ ਮੁਸਾਫਰ ਨੇ ਗਲਤੀ ਨਾਲ ਜਹਾਜ਼ ਦਾ ਐਮਰਜੈਂਸੀ ਦਰਵਾਜ਼ੇ ਨੂੰ ਟਾਇਲਟ ਰੂਮ ਸਮਝ ਕੇ ਖੋਲ੍ਹ ਦਿੱਤਾ। ਇਸ ਦੇ ਨਾਲ ਜਹਾਜ਼ ਵਿਚ ਹਲਚਲਮੱਚ ਗਈ ਤੇ ਫਲਾਈਟ ਰੋਕਣੀ ਪੈ ਗਈ।

ਇਸ ਸੰਬੰਧ ਵਿੱਚ ਪਾਕਿਸਤਾਨ ਦੀ ਸਰਕਾਰੀ ਜਹਾਜ਼ ਕੰਪਨੀ ਪੀ ਆਈ ਏ ਨੇ ਕਿਹਾ ਕਿ ਜਹਾਜ਼ ਸ਼ਨੀਵਾਰ ਤੜਕੇ ਮੈਨਚੈਸਟਰ ਹਵਾਈ ਅੱਡੇ ਦੇ ਰਨਵੇਅ ਉੱਤੇ ਖੜ੍ਹਾ ਸੀ। ਇਸ ਦੌਰਾਨ ਮਹਿਲਾ ਯਾਤਰੀ ਨੇ ਬਦਨ ਦਬਾ ਦਿੱਤਾ, ਜਿਸ ਨਾਲ ਐਮਰਜੈਂਸੀ ਦਰਵਾਜਾ ਖੁੱਲ੍ਹ ਗਿਆ।ਏਅਰਲਾਈਨਜ਼ ਦੇ ਬੁਲਾਰੇ ਨੇ ਕਿਹਾ, 'ਪੀ ਆਈ ਏ ਦੀ ਮੈਨਚੈਸਟਰ ਉਡਾਣ ਵਿੱਚ ਦੇਰੀ ਹੋਈ ਕਿਉਂਕਿ ਇਕ ਯਾਤਰੀ ਨੇ ਗਲਤੀ ਨਾਲ ਜਹਾਜ਼ ਦਾ ਐਮਰਜੈਂਸੀ ਦਰਵਾਜ਼ਾ ਖੋਲ੍ਹ ਦਿੱਤਾਤੇ ਐਮਰਜੈਂਸੀ ਢਲਾਣ ਚਾਲੂ ਹੋ ਗਈ ਸੀ।' ਇਸ ਘਟਨਾ ਪਿੱਛੋਂਜਹਾਜ਼ ਦੇ ਕਰੀਬ 40 ਯਾਤਰੀਆਂ ਨੂੰ ਉਨ੍ਹਾਂ ਦੇ ਸਾਮਾਨ ਸਣੇ ਜਹਾਜ਼ ਤੋਂ ਉਤਾਰ ਦਿੱਤਾ ਗਿਆ। ਪੀ ਆਈ ਏ ਨੇ ਕਿਹਾ ਕਿ ਇਨ੍ਹਾਂ ਮੁਸਾਫਰਾਂ ਦੇ ਆਉਣ-ਜਾਣ ਤੇ ਹੋਟਲ ਵਿਚ ਰੁਕਣ ਦਾ ਪ੍ਰਬੰਧ ਵੀ ਕੀਤਾ ਗਿਆ ਅਤੇ ਫਿਰ ਹੋਰ ਉਡਾਣਾਂ ਵਿੱਚ ਭੇਜਿਆ ਗਿਆ ਹੈ। ਪੀ ਆਈ ਏ ਦੇ ਮੁੱਖ ਕਾਰਜਕਾਰੀ ਅਧਿਕਾਰੀ ਏਅਰ ਮਾਰਸ਼ਲ ਅਰਸ਼ਦ ਮਲਿਕ ਨੇ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਪਾਕਿਸਤਾਨ ਦੀ ਸਰਕਾਰੀ ਜਹਾਜ਼ ਕੰਪਨੀ ਕਈ ਸਾਲਾਂ ਤੋਂ ਘਾਟੇ ਵਿਚ ਚੱਲ ਰਹੀ ਹੈ ਤੇ ਸਰਕਾਰ ਉਸ ਦੀ ਹਾਲਤ ਸੁਧਾਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਹਵਾਲਗੀ ਕਾਨੂੰਨ ਵਿਰੁੱਧ ਹਾਂਗਕਾਂਗ ਦੇ 5 ਲੱਖ ਲੋਕ ਸੜਕਾਂ ਉੱਤੇ ਉੱਤਰੇ



ਹਾਂਗਕਾਂਗ, 9 ਜੂਨ, (ਪੋਸਟ ਬਿਊਰੋ)- ਹਾਂਗਕਾਂਗ ਵਿਚ ਨਵੇਂ ਲਾਗੂ ਹੋਣ ਵਾਲੇ ਹਵਾਲਗੀ ਕਾਨੂੰਨ ਦੇ ਖਿਲਾਫ ਐਤਵਾਰ ਨੂੰ ਲੱਖਾਂ ਲੋਕ ਸੜਕਾਂ ਉੱਤੇਉਤਰ ਆਏ। ਇਸ ਕਾਨੂੰਨ ਵਿਚ ਦੋਸ਼ੀ ਤੇ ਸ਼ੱਕੀ ਲੋਕਾਂ ਨੂੰ ਕੇਸ ਚਲਾਉਣ ਲਈ ਚੀਨ ਦੇ ਹਵਾਲੇ ਕਰਨ ਦੀ ਵਿਵਸਥਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਹਾਂਗਕਾਂਗ ਦੀ ਖੁਦਮੁਖਤਿਆਰੀ ਤੇ ਇਥੋਂ ਦੇ ਨਾਗਰਿਕਾਂ ਦੇ ਮਨੁੱਖੀ ਅਧਿਕਾਰ ਵੀ ਖਤਰੇ ਵਿਚ ਆ ਜਾਣਗੇ।

ਅੱਜ ਐਤਵਾਰ ਨੂੰ ਇਥੇ ਵਿਕਟੋਰੀਆ ਪਾਰਕ ਅਤੇ ਲੈਜਿਸਲੇਟਿਵ ਕੌਂਸਲ ਵਿਚਾਲੇ ਹੋਈ ਰੈਲੀ ਵਿਚ ਪੰਜ ਲੱਖ ਤੋਂਵੱਧ ਲੋਕਾਂ ਦੇ ਸ਼ਾਮਲ ਹੋਣ ਦਾ ਅੰਦਾਜ਼ਾ ਲਾਇਆ ਗਿਆ ਹੈ। ਬੀਤੇ ਕਈ ਸਾਲਾਂ ਦੌਰਾਨ ਪਹਿਲੀ ਵਾਰ ਏਡੀ ਗਿਣਤੀ ਵਿਚ ਲੋਕ ਕਿਸੇ ਗੱਲ ਲਈ ਇਕੱਠੇ ਹੋਏ ਹਨ। ਇਸ ਦੇ ਨਾਲ ਹਾਂਗਕਾਂਗ ਦੀ ਨੇਤਾ ਕੈਰੀ ਲੈਮ ਦੇ ਪ੍ਰਸ਼ਾਸਨ ਉੱਤੇਆਮ ਲੋਕਾਂ ਦਾ ਦਬਾਅ ਬਣੇਗਾ, ਪਰ ਹਾਲੇ ਇਸ ਰੈਲੀ ਬਾਰੇ ਉਨ੍ਹਾਂ ਕੋਈ ਬਿਆਨ ਨਹੀਂ ਦਿੱਤਾ। ਉਂਜ ਉਹ ਇਸ ਬਿੱਲ ਨੂੰ ਰੱਦ ਨਾ ਕਰਨ ਦੀ ਗੱਲ ਕਹਿ ਚੁੱਕੀ ਹੈ। ਵਰਨਣ ਯੋਗ ਹੈ ਕਿ ਸਾਲ 2003 ਵਿਚ ਵੀ ਇਸੇ ਤਰ੍ਹਾਂ ਕਰੀਬ ਪੰਜ ਲੱਖ ਲੋਕ ਕੌਮੀ ਸੁਰੱਖਿਆ ਕਾਨੂੰਨਾਂ ਨੂੰ ਸਖ਼ਤ ਕਰਨ ਦੇ ਵਿਰੁੱਧ ਸੜਕਾਂ ਉੱਤੇਆਏ ਸਨ। ਬਾਅਦ ਵਿਚ ਉਹ ਕਾਨੂੰਨ ਹਟਾਉਣਾ ਪਿਆ ਸੀ।

ਪਤਾ ਲੱਗਾ ਹੈ ਕਿ ਤਾਜ਼ਾ ਹਵਾਲਗੀ ਕਾਨੂੰਨ ਉੱਤੇ ਬੁੱਧਵਾਰ ਨੂੰ ਬਹਿਸ ਸ਼ੁਰੂ ਹੋਵੇਗੀ। ਅੱਜ ਇਸ ਦੇ ਵਿਰੁੱਧ ਹੋਈ ਰੈਲੀ ਵਿਚ ਨੌਜਵਾਨਾਂ ਦੇ ਨਾਲ ਬਜ਼ੁਰਗ ਵੀ ਸ਼ਾਮਲ ਸਨ। ਕਈ ਲੋਕ ਆਪਣੇ ਬੱਚਿਆਂ ਨਾਲ ਰੈਲੀ ਵਿਚ ਆਏ ਸਨ। ਲੋਕਾਂ ਦਾ ਕਹਿਣਾ ਹੈ ਕਿ ਚੀਨ ਵਿੱਚ ਕੋਈ ਮਨੁੱਖੀ ਅਧਿਕਾਰ ਨਹੀਂ ਹਨ। ਇਸ ਰੈਲੀ ਵਿੱਚ ਸਥਾਨਕ ਪ੍ਰਸ਼ਾਸਕਕੈਰੀ ਦੇ ਵਿਰੁੱਧ ਵੀ ਨਾਅਰੇ ਲੱਗੇ ਅਤੇ'ਲੈਟ ਅੱਸ ਮੇਕ ਹਾਂਗਕਾਂਗ ਗ੍ਰੇਟ ਅਗੇਨ' ਲਿਖੇ ਪੋਸਟਰ ਵੀ ਲਹਿਰਾਏ ਗਏ, ਜਿਸ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਕੈਰੀ ਲੈਮ ਉੱਤੇ ਗੋਲੀ ਚਲਾਉਂਦੇ ਦਿਖਾਇਆ ਗਿਆ। ਯੂਰਪੀ ਯੂਨੀਅਨ ਅਤੇ ਅਮਰੀਕਾ ਸਮੇਤ ਕਈ ਦੇਸ਼ ਇਸ ਤਾਜ਼ਾ ਕਾਨੂੰਨ ਉੱਤੇ ਚਿੰਤਾ ਪ੍ਰਗਟ ਕਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 1997 ਵਿਚ ਬ੍ਰਿਟੇਨ ਨੇ ਚੀਨ ਨੂੰ ਹਾਂਗਕਾਂਗ ਇਸੇ ਸ਼ਰਤ ਉੱਤੇ ਦਿੱਤਾ ਸੀ ਕਿ ਉਸ ਦੀ ਖੁਦਮੁਖਤਿਆਰੀ ਕਾਇਮ ਰਹੇਗੀ, ਪਰ ਇਸ ਕਾਨੂੰਨ ਦੇ ਬਣਨ ਨਾਲ ਉਸ ਖੁਦਮੁਖਤਿਆਰੀ ਉੱਤੇ ਖਤਰਾ ਬਣ ਸਕਦਾ ਹੈ।

# ਸ਼੍ਰੋਮਣੀ ਕਮੇਟੀ ਹੁਸ਼ਿਆਰ ਸਿੱਖ ਬੱਚਿਆਂ ਦੀ ਕੋਚਿੰਗ ਲਈ ਕੇਂਦਰ ਖੋਲ੍ਹੇਗੀ

### * ਅਫਸਰ ਬਣਨ ਦੇ ਟੈੱਸਟਾਂ ਲਈ ਕੋਚਿੰਗ ਦਿੱਤੀ ਜਾਵੇਗੀ

ਸੁਲਤਾਨਪੁਰ ਲੋਧੀ, 9 ਜੂਨ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਸ਼ਿਆਰ ਸਿੱਖ ਬੱਚਿਆਂ ਨੂੰ ਅਫਸਰ ਬਣਨ ਦੇ ਮੁਕਾਬਲਾ ਟੈੱਸਟਾਂ ਦੀ ਕੋਚਿੰਗ ਦੇਣ ਦੇ ਕੇਂਦਰ ਖੋਲ੍ਹਣ ਦਾ ਫੈਸਲਾ ਕੀਤਾ ਹੈ। ਅੱਜ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਬੈਠਕਵਿੱਚ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਾਉਣ ਲਈ ਫ਼ਤਹਿਗੜ੍ਹ ਸਾਹਿਬ ਵਿਖੇ ਕੋਚਿੰਗ ਸੈਂਟਰ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ ਅਤੇ ਕਈ ਹੋਰ ਅਹਿਮ ਫ਼ੈਸਲੇ ਵੀ ਲਏ ਗਏ ਹਨ।

ਏਥੇ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਵਿਖੇ ਆਈਏ ਐੱਸ, ਆਈਪੀ ਐਸ ਅਤੇ ਪੀਸੀ ਐੱਸ ਇਮਤਿਹਾਨਾਂ ਦੀ ਤਿਆਰੀ ਲਈ ਕੇਂਦਰ ਖੋਲ੍ਹੇਗੀ, ਜਿਸ ਵਿੱਚ ਸਿੱਖ ਵਿਦਿਆਰਥੀਆਂਨੂੰ ਇਨ੍ਹਾਂਟੈੱਸਟਾਂ ਦੀ ਮੁਫ਼ਤ ਤਿਆਰੀ ਕਰਾਈ ਜਾਵੇਗੀ। ਇਸ ਤੋਂ ਬਿਨਾ ਨੌਜੁਆਨਾਂ ਨੂੰ ਸਿੱਖ ਮਾਰਸ਼ਲ ਆਰਟ ਨਾਲ ਜੋੜਨ ਲਈ ਗਤਕਾ ਅਕੈਡਮੀ ਖੋਲ੍ਹੀ ਜਾਵੇਗੀ। ਕੋਚਿੰਗ ਸੈਂਟਰ ਤੇ ਗਤਕਾ ਅਕੈਡਮੀ ਲਈ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦਾ ਵਿਸ਼ੇਸ਼ ਸਹਿਯੋਗ ਲਿਆ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਬੈਠਕ ਦੌਰਾਨ 1984 ਵਿਚ ਕੇਂਦਰ ਸਰਕਾਰ ਵੱਲੋਂਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾ ਕਰੀਬ 37 ਹੋਰ ਗੁਰਦੁਆਰਿਆਂ ਉੱਤੇਫੌਜੀ ਕਾਰਵਾਈ ਦੌਰਾਨ ਮਾਰੇ ਗਏ ਸਿੱਖਾਂ ਦੇ ਵੇਰਵੇ ਇਕੱਠੇ ਕਰ ਕੇ ਯਾਦਗਾਰ ਬਣਾਉਣ ਦਾ ਫੈਸਲਾ ਹੋਇਆ ਹੈ। ਉਨ੍ਹਾਂਦੱਸਿਆ ਕਿ ਜੂਨ 1984 ਦੀ ਕਾਰਵਾਈ ਵੇਲੇ ਸਿੱਖ ਰੈਫਰੈਂਸ ਲਾਇਬ੍ਰੇਰੀ ਤੋਂ ਗਾਇਬ ਕੀਤੇ ਸਿੱਖ ਸਾਹਿਤ ਦੇ ਖ਼ਜ਼ਾਨੇ ਦੀ ਵਾਪਸੀ ਦੀਆਂ ਖ਼ਬਰਾਂ ਬਾਰੇ 13 ਜੂਨ ਨੂੰ ਅੰਮ੍ਰਿਤਸਰ ਵਿਖੇ ਮੌਜੂਦਾ ਤੇ ਸਾਬਕਾ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦੀ ਬੈਠਕਹੋਵੇਗੀ, ਜਿਹੜੀ ਇਸ ਬਾਰੇ ਤੱਥ ਪੜਚੋਲ ਕਰੇਗੀ ਅਤੇ ਇਸ ਦੇ ਬਾਅਦ ਅਗਲਾ ਕਦਮ ਚੁੱਕਿਆ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੇ ਮੁਕਾਬਲੇ ਦਾ 44ਵਾਂ ਰੈਂਕ ਲੈਣ ਨਾਲ ਆਈਏ ਐੱਸ ਬਣੀ ਨਾਨੋਵਾਲ ਖੁਰਦ (ਗੁਰਦਾ-ਸਪੁਰ) ਦੀ ਸਿੱਖ ਲੜਕੀ ਅੰਮ੍ਰਿਤਪਾਲ ਕੌਰ ਨੂੰ ਇਕ ਲੱਖ ਰੁਪਏ ਸਨਮਾਨ ਵਜੋਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਤਖਤ ਅਨੰਦਪੁਰ ਸਾਹਿਬ ਦੇ ਨੇੜੇ ਅੱਗ ਲੱਗਣ ਨਾਲ ਦੁਕਾਨਾਂ ਸੜਨ ਦੀ ਘਟਨਾ ਤੋਂ ਪ੍ਰਭਾਵਤ ਦੁਕਾਨਦਾਰਾਂ ਬਾਰੇ ਸ਼੍ਰੋਮਣੀ ਕਮੇਟੀ ਨੇ ਇਕ ਸਬ-ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਦੀ ਰਿਪੋਰਟ ਅਨੁਸਾਰ ਦੁਕਾਨਦਾਰਾਂ ਦੀ ਮਦਦ ਕੀਤੀ ਜਾਵੇਗੀ। ਅੰਤ੍ਰਿੰਗ ਕਮੇਟੀ ਨੇ ਹਲਕਾ ਭਾਦਸੋਂ ਦੇ ਪਿੰਡ ਮਟੋਰਡਾ ਤੇ ਪੇਦਣ ਦੀਆਂ ਧਾਰਮਿਕ ਯਾਤਰਾ ਉੱਤੇ ਜਾਂਦੀਆਂ ਸੰਗਤਾਂ ਦੀ ਬੱਸ ਨੂੰ ਹਾਦਸੇ ਕਾਰਨ ਮਾਰੇ ਗਏ ਵਿਅਕਤੀ ਦੇ ਵਾਰਸਾਂ ਨੂੰ 50 ਹਜ਼ਾਰ ਰੁਪਏ ਅਤੇ ਜ਼ਖਮੀਆਂ ਦੀ ਮਦਦ ਦਾ ਵੀ ਫ਼ੈਸਲਾ ਕੀਤਾ ਹੈ।

# ਪਿਸਤੌਲ ਦੀ ਨੋਕ ਉੱਤੇ ਸੁਨਿਆਰੇ ਦੇ ਘਰੋਂ ਨਕਦੀ ਤੇ ਸੋਨੇ ਦੇ ਗਹਿਣੇ ਲੁੱਟੇ ਗਏ

ਅੰਮ੍ਰਿਤਸਰ, 9 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਦੇ ਸੁਲਤਾਨਵਿੰਡ ਇਲਾਕੇ 'ਚ ਦਿਨ ਦਿਹਾੜੇ ਵਾਪਰੀ ਲੁੱਟ ਦੀ ਘਟਨਾ 'ਚ ਤਿੰਨ ਅਣਪਛਾਤੇ ਮੋਟਰ ਸਾਈਕਲ ਸਵਾਰ ਇਕ ਸੁਨਿਆਰੇ ਦੇ ਘਰ ਵਿੱਚ ਦਾਖਲ ਹੋ ਕੇ ਪਿਸਤੌਲ ਦੀ ਨੋਕ 'ਤੇ 11 ਲੱਖ ਤੋਂ ਵੱਧ ਨਕਦੀ ਤੇ ਸੋਨੇ ਦੇ ਗਹਿਣੇ ਲੁੱਟ ਕੇ ਫਰਾਰ ਹੋ ਗਏ ਹਨ। ਇਸ ਘਰ ਦੇ ਮਾਲਕ ਜਗਦੀਸ਼ ਸਿੰਘ ਪੁੱਤਰ ਬਲਵੰਤ ਸਿੰਘ ਨੇ ਦੱਸਿਆ ਕਿ ਉਹ ਮੋਹਨ ਨਗਰ ਗਲੀ ਨੰਬਰ ਪੰਜ ਸੁਲਤਾਨਵਿੰਡ ਰੋਡ ਵਿਖੇ ਆਪਣੀ ਪਤਨੀ ਹਰਜੀਤ ਕੌਰ, ਬੇਟੀ ਬਲਜੀਤ ਕੌਰ ਤੇ ਦੋ ਬੇਟਿਆਂ ਤਰਲੋਕ ਸਿੰਘ ਤੇ ਸਤਪਾਲ ਸਿੰਘ (ਹੈਂਡੀਕੈਪ) ਨਾਲ ਰਹਿੰਦਾ ਤੇ ਸੁਨਿਆਰੇ ਦਾ ਕੰਮ ਕਰਦਾ ਹੈ। ਉਸ ਨੇ ਦੱਸਿਆ ਕਿ ਕੱਲ੍ਹ ਜਦੋਂ ਉਹ ਘਰ ਨਹੀਂ ਸੀ ਤਾਂ ਬਾਅਦ ਦੁਪਹਿਰ ਕੱਪੜਿਆਂ ਨਾਲ ਮੂੰਹ ਲਪੇਟ ਕੇ ਪਹੁੰਚੇ ਤਿੰਨ ਅਣਪਛਾਤੇ ਮੋਟਰ ਸਾਈਕਲ ਸਵਾਰ ਨੌਜਵਾਨਾਂ ਵਿੱਚੋਂ ਦੋ ਜਣੇ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਏ ਤਾਂ ਉਸ ਸਮੇਂ ਉਸ ਦੀ ਘਰ ਵਾਲੀ, ਬੇਟੀ ਅਤੇ ਅੰਗਹੀਣ ਬੇਟਾ ਮੌਜੂਦ ਸਨ। ਦੋਵਾਂ ਲੁਟੇਰਿਆਂ ਨੇ ਪਿਸਤੌਲ ਕੱਢ ਕੇ ਤਿਜੌਰੀ ਦੀਆਂ ਚਾਬੀਆਂ ਮੰਗੀਆਂ ਅਤੇ ਅਲਮਾਰੀ ਦੇ ਦਰਵਾਜ਼ੇ ਖਿੱਚ ਕੇ ਉਸ ਵਿੱਚ ਰੱਖੀ ਤਿਜੌਰੀ 'ਚ ਪਏ 11.60 ਲੱਖ ਨਕਦ ਤੇ 800 ਗ੍ਰਾਮ ਸੋਨੇ ਦੇ ਗਹਿਣੇ ਲੁੱਟ ਕੇ ਬਾਹਰ ਪਹਿਲਾਂ ਤੋਂ ਸਟਾਰਟ ਮੋਟਰ ਸਾਈਕਲ ਉੱਤੇ ਤੀਜੇ ਸਾਥੀ ਨਾਲ ਫਰਾਰ ਹੋ ਗਏ। ਸੂਚਨਾ ਮਿਲਣ 'ਤੇ ਥਾਣਾ ਬੀ ਡਵੀਜ਼ਨ ਦੇ ਮੁਖੀ ਗੁਰਵਿੰਦਰ ਸਿੰਘ ਮੌਕੇ 'ਤੇ ਪਹੁੰਚੇ। ਇਸ ਲੁੱਟ ਦੀ ਵਾਰਦਾਤ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈ। ਫੋਟੋ ਵਿੱਚ ਮੂੰਹ ਸਿਰ ਲਪੇਟੀ ਤਿੰਨ ਨੌਜਵਾਨ ਇਕੋ ਮੋਟਰ ਸਾਈਕਲ 'ਤੇ ਬੈਠੇ ਦਿਖਾਈ ਦੇ ਰਹੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $2,150 — 50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.
MISSISSAUGA $99,900 — 1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.
St. Catharine $199,999 — 73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.
BRAMPTON $229,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!
BRAMPTON $75,000 — Photo Not Available — 135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.
MISSISSAUGA $169,900 — Photo Not Available — 7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.
TORONTO $289,000 — Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities
BURLINGTON $299,000 — 701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.
BRAMPTON $789,800 — Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.
BRAMPTON $330,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.
BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,
CALEDON $399,000 — Photo Not Available — 12612 HIGHWAY 50: Sale Of Business Without Property Bakery. Please call 905-405-8484
BRANTFORD $499,000 — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.
New Tecumseth $899,800 — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.
MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.
WOODSTOCK $1,125,000 — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.
*Canadian punjabi post assumes no responsibility for the accuracy of any information shown. Copyright Ppost 2019

# ਭਾਰਤ ਨੇ ਆਸਟਰੇਲੀਆ ਨੂੰ 36 ਦੌੜਾਂ ਨਾਲ ਹਰਾਇਆ









ਲੰਡਨ, 9 ਜੂਨ (ਪੋਸਟ ਬਿਊਰੋ)- ਭਾਰਤ ਤੇ ਆਸਟਰੇਲੀਆ ਵਿਚਾਲੇ ਵਿਸ਼ਵ ਕੱਪ 2019 ਦਾ 14ਵਾਂ ਮੁਕਾ-ਬਲਾ ਲੰਡਨ ਦੇ ਓਵਲ ਮੈਦਾਨ 'ਤੇ ਖੇਡਿਆ ਗਿਆ। ਜਿਸ 'ਚ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਨੇ 50 ਓਵਰਾਂ 'ਚ 5 ਵਿਕਟਾਂ 'ਤੇ ਆਸਟਰੇਲੀਆ ਨੂੰ 353 ਦੌੜਾਂ ਦਾ ਟੀਚਾ ਦਿੱਤਾ ਸੀ। ਜਵਾਬ 'ਚ ਟੀਚੇ ਦਾ ਪਿੱਛਾ ਕਰਨ ਉਤਰੀ ਆਸਟਰੇਲੀਆ ਦੀ ਟੀਮ ਪੂਰੇ 50 ਓਵਰਾਂ ਵਿਚ 316 ਦੌੜਾਂ ਉਤੇ ਸਿਮਟ ਗਈ ਤੇ ਇਹ ਮੈਚ 36 ਦੌੜਾਂ ਨਾਲ ਹਾਰ ਗਈ। ਭਾਰਤ ਦੀ ਵਿਸ਼ਵ ਕੱਪ 'ਚ ਲਗਾਤਾਰ ਦੂਜੀ ਜਿੱਤ ਹੈ।

ਭਾਰਤੀ ਟੀਮ ਦੇ ਸਲਾਮੀ ਬੱਲੇਬਾਜ਼ਾਂ ਨੇ ਪਾਰੀ ਦੀ ਸ਼ੁਰੂਆਤ ਸ਼ਾਨਦਾਰ ਤਰੀਕੇ ਨਾਲ ਕੀਤੀ। ਦੋਵੇਂ ਸਲਾਮੀ ਬੱਲੇਬਾਜ਼ ਰੋਹਿਤ ਸ਼ਰਮਾ ਅਤੇ ਸ਼ਿਖਰ ਧਵਨ ਨੇ ਬਿਨਾ ਵਿਕਟ ਗੁਆਏ 100 ਤੋਂ ਵੱਧ ਦੌੜਾਂ ਦੀ ਸਾਂਝੇਦਾਰੀ ਕੀਤੀ। ਸ਼ਿਖਰ ਧਵਨ ਨੇ ਇਸ ਮੈਚ ਵਿਚ ਸ਼ਾਨਦਾਰ ਖੇਡ ਦਿਖਾਇਆ ਅਤੇ ਆਪਣਾ ਸੈਂਕੜਾ ਪੂਰਾ ਕੀਤਾ। ਰੋਹਿਤ ਸ਼ਰਮਾ ਕੁਲਟਰ ਨਾਈਲ ਦੀ ਗੇਂਦ 'ਤੇ 57 ਦੌੜਾਂ ਬਣਾ ਕੇ ਐਲੇਕਸ ਕੈਰੀ ਨੂੰ ਕੈਚ ਦੇ ਬੈਠੇ। ਇਸ ਤੋਂ ਬਾਅਦ ਵੀ ਧਵਨ ਨੇ ਆਪਣਾ ਸ਼ਾਨਦਾਰ ਖੇਡ ਜਾਰੀ ਰੱਖਿਆ। ਆਸਟਰੇਲੀਆ ਨੂੰ ਦੂਜੀ ਸਫਲਤਾ ਮਿਚੇਲ ਸਟਾਰਕ ਨੇ ਸ਼ਿਖਰ ਧਵਨ ਦੇ ਰੂਪ 'ਚ ਦਿਵਾਈ। ਧਵਨ 109 ਗੇਂਦਾਂ ਵਿਚ 16 ਚੌਕਿਆਂ ਦੀ ਮਦਦ ਨਾਲ 117 ਦੌੜਾਂ ਬਣਾ ਕੇ ਆਊਟ ਹੋਏ।



ਮਾਊਨਟੇਨਐਸ਼ ਸੀਨੀਅਰਜ਼ ਕਲੱਬ ਵੱਲੋਂ 31 ਮਈ ਨੂੰ ਮਈ ਮਹੀਨੇ ਵਿਚ ਜਨਮ ਦਿਨ ਵਾਲੇ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ ਤੇ ਨਾਲ ਦੀ ਨਾਲ ਜਨਰਲ ਬਾਡੀ ਦੀ ਮੀਟਿੰਗ ਵੀ ਕੀਤੀ ਗਈ। ਸ੍ਰੀਮਤੀ ਚਰਨਜੀਤ ਕੌਰ ਢਿੱਲੋਂ ਵੱਲੋਂ ਇਹ ਜਾਣਕਾਰੀ ਦਿੱਤੀ ਗਈ।

# ਪੰਜਾਬ ਸਰਕਾਰ ਨੂੰ ਜਗਾਉਣ ਲੀ ਪੰਜਾਬੀਆਂ ਨੂੰ ਜਾਗਣ ਦੀ ਲੋੜ : ਸਰਦਾਰਾ ਸਿੰਘ ਜੌਹਲ

ਹੁਸ਼ਿਆਰਪੁਰ, 9 ਜੂਨ (ਗਿਅਨ ਸਿੰਘ): ਪੰਜਾਬ ਖੁਸ਼ਹਾਲੀ ਤੇ ਪੈਸੇ ਪਖੋਂ ਭਾਰਤ ਵਿਚ ਕਿ ਨੰਬਰ ਸੂਬਾ ਸੀ , ਫੌਜ ਤੇ ਸਿਵਲ ਅਫਸਰਾਂ ਵਿਚ ਪੰਜਾਬੀਆਂ ਦੀ ਧਾਂਕ ਸੀ , ਖੇਡਾਂ ਤੇ ਖੇਤੀ 'ਚ ਕੋਈ ਮੁਕਾਬਲਾ ਨਹੀਂ ਸੀ, ਬੜੇ ਦੁੱਖ ਦੀ ਗੱਲ ਹੈ ਸਾਡੇ ਰਾਜਸੀ ਆਗੂਆਂ ਦੀ ਸੌੜੀ ਸਿਆਸਤ ਅਤੇ ਭ੍ਰਿਸ਼ਟਾਚਾਰ ਨੇ ਸਾਡਾ ਭਠਾ ਬਿਠਾ ਕੇ ਰੱਖ ਦਿਤਾ।




ਇਹ ਵਿਚਾਰ ਅਸੂਲ ਮੰਚ ਵਲੋਂ ਰਖੀ ਗੀ ਮੀਟਿੰਗ ਵਿਚ ਉਘੇ ਅਰਥਸ਼ਾਤਰੀ ਅਤੇ ਸਾਬਕਾ ਵੀ.ਸੀ. ਸਰਦਾਰਾ ਸਿੰਘ ਜੌਹਲ ਨੇ ਕਹੇ। ਉਨਾਂ ਅਗੇ ਕਿਹਾ ਕਿ ਸੂਬਾ ਖੇਤੀ ਦੀ ਖੜੋਤ, ਡਾਵਾਂਡੋਲ ਆਰਥਿਕਤਾ, ਨਸ਼ਿਆਂ, ਬੇਰੋਜ਼ਗਾਰੀ ਅਤੇ ਖੁਦਕੁਸ਼ੀਆਂ ਦੀ ਮਾਰ ਝੱਲ ਰਿਹਾ ਹੈ। ਉਨਾਂ ਜ਼ੋਰ ਦੇ ਕੇ ਆਖਿਆ ਕਿ ਮੌਜੂਦਾ ਸਮੇਂ ਪੰਜਾਬ ਦੇ ਰਾਜਸੀ ਰਹਿਬਰਾਂ ਕੋਲ ਪੰਜਾਬ ਦੇ ਭਲੇ ਲੀ ਕੋਈ ਏਜੰਡਾ ਨਹੀਂ ਹੈ । ਉਨਾਂ ਲੋਕਾਂ ਨੂੰ ਪੰਜਾਬ ਦੇ ਹਲਾਤਾਂ ਲੀ ਸਿਰ ਜੋੜਨ ਦੀ ਅਪੀਲ ਕੀਤੀ। ਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਜਗ੍ਹਾਣ ਲੀ ਲੋਕਾਂ ਨੂੰ ਜਾਗਣ ਦੀ ਲੋੜ ਹੈ। ਇਸ ਮੌਕੇ ਅਸੂਲ ਮੰਚ ਪੰਜਾਬ ਦੇ ਕੋਆਰਡੀਨੇਟਰ ਬਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜੇਕਰ ਰਾਜਸੀ ਲੋਕ ਆਪਣੀ ਕੁਰਸੀ ਤੇ ਸੂਬੇ ਦੇ ਸਰੋਤ ਲੁਟਣ ਲੀ ਕਿਠੇ ਹੋ ਸਕਦੇ ਹਨ ਤਾਂ ਸਾਨੂੰ ਪੰਜਾਬੀਆਂ ਨੂੰ ਆਪਣੇ ਹੱਕਾਂ ਲੀ ਕਿਮੁੱਠ ਹੋਣ ਦੀ ਲੋੜ ਹੈ। ਸਾਡੇ ਦੁੱਖ ਤਕਲੀਫਾਂ ਸਾਂਝੇ ਹਨ, ਲੋੜਾਂ ਸਾਂਝੀਆਂ ਹਨ, ਮੰਗਾਂ ਸਾਂਝੀਆਂ ਹਨ ਤਾਂ ਫਿਰ ਸਾਡਾ ਸੰਘਰਸ਼ ਵਖੋ-ਵਖ ਧੜਿਆਂ ਤੇ ਗੁੱਟਾਂ ਵਿਚ ਕਿਉਂ ਵੰਡਿਆ ਹੋਇਆ ਹੈ। ਸਾਡੇ ਸੰਵਿਧਾਨ ਨੇ ਸਾਨੂੰ ਸਭ ਨੂੰ ਸਿਹਤ, ਸਿਖਿਆ ਲੀ ਬਰਾਬਰ ਦੇ ਮੌਕੇ ਤੇ ਸਮਾਜਿਕ ਸੁਰੱਖਿਆ ਦਾ ਹੱਕ ਦਿਤਾ ਹੈ, ਪਰ ਮੌਜੂਦਾ ਨਿਜ਼ਾਮ ਸਾਡੇ ਸੰਵਿਧਾਨਿਕ ਹੱਕ ਦੇਣ ਤੋਂ ਹੀ ਭਗੌੜਾ ਹੋ ਗਿਆ ਹੈ । ਉਹਨਾਂ ਕਿਹਾ ਲੀਡਰਾਂ ਤੇ ਅਫਸਰਾਂ ਦੀ ਸਾਡੇ ਸਮਾਜ ਪ੍ਰਤੀ ਲਾ-ਪਰਵਾਹੀ ਦੀ ਵਜਹ ਕਿੋ ਹੈ ਕਿ ਅਸੀਂ ਹੱਕ ਲੈਣ ਲੀ ਕਿਮੱਤ ਤੇ ਕਿਮੁੱਠ ਨਹੀਂ ਹਾਂ। ਜਦੋਂ ਕਿ ਅਵਾਜ਼ ਵਿਚ, ਕਿ ਮੰਚ ਤੋਂ ਪੂਰੇ ਪੰਜਾਬ ਦੇ ਕੋਨੇ ਕੋਨੇ ਵਿਚੋਂ ਅਵਾਜ਼ ਠੇਗੀ ਤਾਂ ਸਵਾਲ ਨਹੀਂ ਪੈਦਾ ਹੁੰਦਾ ਕਿ ਸਰਕਾਰ ਕੋਈ ਆਨਾਕਾਨੀ ਕਰੇ। ਉਨਾਂ ਕਿਹਾ ਕਿ ਅਸੂਲ ਮੰਚ ਹੁਣ ਸਰਦਾਰਾ ਸਿੰਘ ਜੌਹਲ ਅਤੇ ਪੰਜਾਬ ਲੀ ਚਿੰਤਤ ਸਖਸ਼ੀਅਤਾਂ ਦੀ ਅਗਵਾਹੀ ਵਿਚ ਜਨ-ਅੰਦੋਲਨ ਚਲਾਵੇਗਾ । ਸਿ ਅੰਦੋਲਨ 'ਚ ਹਰ ਆਮ ਪੰਜਾਬੀ ਸ਼ਰੀਕ ਹੋ ਸਕੇਗਾ। ਅਜ ਮੀਟਿੰਗ ਮੰਚ ਦੀ ਹੁਸ਼ਿਆਰਪੁਰ ਕਿੀ ਦੇ ਜਰਨੈਲ ਸਿੰਘ, ਰਵੀ ਕੁਮਾਰ, ਜਸਵੰਤ ਸਿੰਘ ਜੰਡੀ, ਕੁਲਦੀਪ ਸਿੰਘ, ਐਡਵੋਕੇਟ ਜਸਬੀਰ ਸਿੰਘ ਦੀ ਅਗਵੀ ਵਿਚ ਕੀਤੀ ਗੀ। ਮੀਟਿੰਗ ਵਿਚ ਅੰਗਹੀਣ, ਬੁਢਾਪਾ, ਵਿਧਵਾ ਪੈਨਸ਼ਨ ਢਾਈ ਹਜ਼ਾਰ ਰੁਪਏ ਮਹੀਨਾ ਕਰਵਾਉਣ, ਅਪੰਗਤਾ ਐਕਟ ਲਾਗੂ ਕਰ੍ਹਾਣ ਪਿੰਡਾਂ ਤੇ ਮੁਹੱਲਿਆਂ 'ਚ ਲਾਭਪਾਤਰੀਆਂ ਦੇ ਫਾਰਮ ਭਰਨ, ਨਰੇਗਾ ਸਕੀਮ ਕਿਸਾਨਾਂ ਤੇ ਮਜ਼ਦੂਰਾਂ ਲੀ ਲਾਗੂ ਕਰਵ੍ਹਾਣ, ਲਾਭਪਤਰੀ ਕਾਰਡ, ਗਰੀਬ ਤੇ ਹੁਸ਼ਿਆਰ ਬਚਿਆਂ ਦੇ ਵਜੀਫੇ ਅਤੇ ਸਿਖਿਆ ਅਧਿਕਾਰ ਦੀ ਜਾਣਕਾਰੀ ਕਮੇਟੀਆਂ ਬਣਾ ਕੇ ਦੇਣ ਲੀ ਮੁਹਿੰਮ ਚਲਾਉਣ ਦੇ ਫੈਸਲੇ ਲਏ ਗਏ। ਇਸ ਮੌਕੇ ਹੋਰਾਂ ਤੋਂ ਇਲਾਵਾ ਸਾਬਕਾ ਵਿਧਾਇਕ ਤਰਸੇਮ ਜੋਧਾਂ, ਪ੍ਰੀਤਮ ਅਖਾੜਾ, ਸੁਰਜੀਤ ਸਿੰਘ ਪਤੀ, ਮਨਜੀਤ ਸਿੰਘ, ਸਤਨਾਮ ਸਿੰਘ, ਜਸਪਾਲ ਸਿੰਘ ਸੈਣੀ, ਸੁਖਦੇਵ ਸਿੰਘ, ਸੋਹਨ ਲਾਲ, ਓਮ ਸਿੰਘ ਮੌਜੂਦ ਸਨ।

# ਫਿਰੋਜ਼ਪੁਰ ਸ਼ਹਿਰ ਵਿਖੇ ਕਰਵਾਇਆ ਗਿਆ ਨਸ਼ਾ ਰੋਕੂ ਸੈਮੀਨਾਰ

## ਨਸ਼ੇ ਖ਼ਿਲਾਫ਼ ਲੜਾਈ ਵਿਚ ਪੁਲਿਸ ਦੀ ਮਦਦ ਕਰਨ ਵਾਲੇ ਲੋਕਾਂ ਦਾ ਨਾਮ ਰੱਖਿਆ ਜਾਵੇਗਾ ਗੁਪਤ : ਆਈ.ਜੀ. ਪੀ.






ਫਿਰੋਜ਼ਪੁਰ, 9 ਜੂਨ (ਗਿਅਨ ਸਿੰਘ): ਨਸ਼ੇ ਦੇ ਖ਼ਿਲਾਫ਼ ਸ਼ਿਕੰਜਾ ਕੱਸਣ ਲਈ ਸਪੈਸ਼ਲ ਟਾਸਕ ਫੋਰਸ (ਐਸਟੀਐਫ) ਟੀਮ ਦਾ ਗਠਨ ਕੀਤਾ ਗਿਆ,ਜਿਸ ਦੀ ਅਗਵਾਈ ਐਸ.ਟੀ.ਐਫ ਚੀਫ਼ ਅਤੇ ਏ.ਡੀ.ਜੀ.ਪੀ ਗੁਰਪ੍ਰੀਤ ਕੌਰ ਦਿਓ ਵੱਲੋਂ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸਪੈਸ਼ਲ ਟਾਸਕ ਫੋਰਸ ਦੇ ਆਈ.ਜੀ. ਬਲਕਾਰ ਸਿੰਘ ਨੇ ਫਿਰੋਜ਼ਪੁਰ ਸ਼ਹਿਰ ਵਿਖੇ ਨਸ਼ਾ ਰੋਕੂ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ।

ਆਈ.ਜੀ. ਬਲਕਾਰ ਸਿੰਘ ਨੇ ਸੈਮੀਨਾਰ ਵਿੱਚ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਦੇ ਖ਼ਿਲਾਫ਼ ਜੰਗੀ ਪੱਧਰ ਤੇ ਠੋਸ ਨੀਤੀ ਤਿਆਰ ਕਰ ਲਈ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਕਾਰੋਬਾਰ ਦੀ ਸੂਚਨਾ ਦੇਣ ਵਾਲਿਆਂ ਨੂੰ ਪ੍ਰੋਤਸਾਹਿਤ ਕਰਨ ਲਈ ਰਿਵਾਰਡ ਪਾਲਿਸੀ ਵੀ ਤਿਆਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੂਰੇ ਰਾਜ ਵਿੱਚ ਓਟੀ ਸੈਂਟਰਾਂ ਵਿੱਚ 70 ਹਜ਼ਾਰ ਤੋਂ ਜ਼ਿਆਦਾ ਨਸ਼ੇ ਦੀ ਗ੍ਰਿਫ਼ਤ ਵਿੱਚ ਫਸੇ ਹੋਏ ਨੌਜਵਾਨਾਂ ਦਾ ਇਲਾਜ ਕਰਵਾ ਰਹੇ ਹਨ।

ਉਨ੍ਹਾਂ ਕਿਹਾ ਕਿ ਨਸ਼ੇ ਦੀ ਸਮੱਸਿਆ ਦੇ ਖ਼ਿਲਾਫ਼ ਤਿੰਨ-ਸੂਤਰੀ ਫ਼ਾਰਮੂਲੇ ਦੇ ਤਹਿਤ ਕੰਮ ਕੀਤਾ ਜਾ ਰਿਹਾ ਹੈ। ਪਹਿਲਾ ਅਵੇਰਨੈਸ, ਦੂਸਰਾ ਇਨਫੋਰਸਮੈਂਟ ਅਤੇ ਤੀਸਰਾ ਪ੍ਰੀਵੈਂਸ਼ਨ ਹੈ। ਲੋਕਾਂ ਵਿੱਚ ਇਹ ਜਾਗਰੂਕਤਾ ਲਿਆਉਣਾ ਹੈ ਕਿ ਨਸ਼ੇ ਤੋਂ ਕੀ ਨੁਕਸਾਨ ਹੁੰਦਾ ਹੈ, ਜਿਸ ਦੇ ਫਲਸਰੂਪ ਲੋਕ ਖ਼ੁਦ ਅੱਗੇ ਆ ਕੇ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ਼ ਸ਼ਿਕਾਇਤ ਦੇਣ ਲੱਗੇ ਹਨ। ਇਨਫੋਰਸਮੈਂਟ ਦੇ ਤਹਿਤ ਨਸ਼ਾ ਤਸਕਰਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਸ਼ਾਮਲ ਹੈ, ਜਿਸ ਦੇ ਤਹਿਤ ਪੂਰੇ ਰਾਜ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਸਮੱਗਲਰਾਂ ਨੂੰ ਪਕੜ ਕੇ ਜੇਲ੍ਹ ਭੇਜਿਆ ਗਿਆ ਹੈ। ਇਸੇ ਤਰ੍ਹਾਂ ਪ੍ਰੀਵੈਂਸ਼ਨ ਸ਼੍ਰੇਣੀ ਦੇ ਤਹਿਤ ਸਕੂਲ-ਕਾਲਜਾਂ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਨੂੰ ਨਸ਼ੇ ਦੀ ਪਹੁੰਚ ਤੋਂ ਦੂਰ ਰੱਖਣ ਦੇ ਲਈ ਕੰਮ ਹੋ ਰਹੇ ਹਨ। ਇਸ ਦੇ ਲਈ ਸਕੂਲਾਂ ਵਿੱਚ ਬੱਡੀਜ਼ ਗਰੁੱਪ ਬਣਾਏ ਗਏ ਹਨ, ਜਿਸ ਦੇ ਤਹਿਤ 40 ਲੱਖ ਦੇ ਕਰੀਬ ਬੱਚਿਆਂ ਨੂੰ ਕਵਰ ਕੀਤਾ ਗਿਆ ਹੈ ਤੇ ਹੁਣ 1 ਜੁਲਾਈ ਤੋਂ ਦੁਬਾਰਾ ਫਿਰ ਬੱਡੀਜ਼ ਪ੍ਰੋਗਰਾਮ ਹੋਰ ਤੇਜ਼ ਗਤੀ ਨਾਲ ਚਲਾਇਆ ਜਾਣਾ ਹੈ। ਉਨ੍ਹਾਂ ਕਿਹਾ ਕਿ ਲੋਕ ਐੱਸ.ਟੀ.ਐੱਫ. ਦੇ ਮੋਬਾਇਲ ਨੰ: 79019-59595 ਅਤੇ 79019-39393 ਤੇ ਸੰਪਰਕ ਕਰਕੇ ਇਸ ਕਾਲੇ ਕਾਰੋਬਾਰ ਦੇ ਖ਼ਿਲਾਫ਼ ਕੋਈ ਵੀ ਜਾਣਕਾਰੀ ਦੇ ਸਕਦੇ ਹਨ। ਸੂਚਨਾ ਦੇਣ ਵਾਲੇ ਦੀ ਪਹਿਚਾਣ ਬਿਲਕੁਲ ਗੁਪਤ ਰੱਖੀ ਜਾਵੇਗੀ।

ਡਿਪਟੀ ਕਮਿਸ਼ਨਰ ਸ੍ਰੀ. ਚੰਦਰ ਗੈਂਦ ਨੇ ਪੰਜਾਬ ਸਰਕਾਰ ਵੱਲੋਂ ਛੇੜੀ ਗਈ ਮੁਹਿੰਮ ਵਿੱਚ ਐੱਸ.ਟੀ.ਐੱਫ., ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਸਾਨੂੰ ਸਾਰਿਆਂ ਨੂੰ ਰਲ ਕੇ ਅੱਤਵਾਦ ਵਰਗੇ ਕੋਹੜ ਨੂੰ ਖ਼ਤਮ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵ-ਾਇਆ ਕਿ ਜਲਦ ਹੀ ਸਿਸਟਮ ਦੇ ਅੰਦਰ ਬੈਠੀਆਂ ਹੋਈਆਂ ਕਾਲੀਆਂ ਭੇਡਾਂ ਨੂੰ ਸਾਫ਼ ਕਰਨ ਦਾ ਅਭਿਆਨ ਸ਼ੁਰੂ ਕੀਤਾ ਜਾਵੇਗਾ। ਨਸ਼ੇ ਦੇ ਖ਼ਿਲਾਫ਼ ਕਾਰਵਾਈ ਨਾ ਕਰਨ ਵਾਲੇ ਮੁਲਾਜ਼ਮਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਲੋਕਾਂ ਦੇ ਭਰੋਸੇ ਨੂੰ ਹਰ ਹਾਲ ਵਿੱਚ ਕਾਇਮ ਰੱਖਿਆ ਜਾਵੇਗਾ। ਨਸ਼ੇ ਦੇ ਖ਼ਿਲਾਫ਼ ਛੇੜੀ ਗਈ ਮੁਹਿੰਮ ਵਿੱਚ ਲੋਕਾਂ ਨੂੰ ਨਸ਼ੇ ਦੇ ਅੱਤਵਾਦ ਨੂੰ ਖ਼ਤਮ ਕਰਨ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਐੱਸ.ਐੱਸ.ਪੀ. ਸ੍ਰੀ. ਸੰਦੀਪ ਗੋਇਲ, ਐੱਸ.ਡੀ.ਐੱਮ. ਫਿਰੋਜ਼ਪੁਰ ਅਮਿਤ ਗੁਪਤਾ, ਐੱਸ.ਪੀ. ਮਨਵਿੰਦਰ ਸਿੰਘ ਸਮੇਤ ਪੁਲਿਸ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਵੀ ਹਾਜ਼ਰ ਸਨ।

# ਲੁਧਿਆਣਾ ਵਿਖੇ ਮਹਾਰਾਣਾ ਪ੍ਰਤਾਪ ਜੈਯੰਤੀ ਸਮਾਰੋਹ ਦਾ ਆਯੋਜਨ

ਲੁਧਿਆਣਾ, 9 ਜੂਨ (ਗਿਅਨ ਸਿੰਘ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਦੇਸ਼-ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਦੇਸ਼ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਦਾ ਅੱਜ ਮੁਕਾਬਲਾ ਕਰਨ ਦੀ ਲੋੜ ਹੈ ਤਾਂ ਜੋ ਦੇਸ਼ ਦੀ ਅਨੇਕਤਾ ਵਿੱਚ ਏਕਤਾ ਵਾਲੇ ਵਜ਼ੂਦ ਨੂੰ ਬਣਾਈ ਰੱਖਿਆ ਜਾ ਸਕੇ।ਉਹ ਅੱਜ ਸਥਾਨਕ ਅਮਰ ਪੈਲੇਸ ਵਿਖੇ ਵੀਰ ਸ਼੍ਰੋਮਣੀ ਮਹਾਰਾਣਾ ਪ੍ਰਤਾਪ ਦੀ 477ਵੀਂ ਜੈਯੰਤੀ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਮੌਕੇ ਇੱਕ ਵਿਸ਼ਾਲ ਵਾਹਨ ਰੈਲੀ ਮਹਾਰਾਣਾ ਪ੍ਰਤਾਪ ਪਾਰਕ ਤੋਂ ਲੈ ਕੇ ਜਲੰਧਰ ਬਾਈਪਾਸ ਤੱਕ ਕੱਢੀ ਗਈ।



ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੀ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਅੱਜ ਦੇਸ਼ ਨੂੰ ਕਮਜ਼ੋਰ ਕਰਨ ਵਾਸਤੇ ਕਈ ਦੇਸ਼ ਵਿਰੋਧੀ ਤਾਕਤਾਂ ਗਲਤ ਹੱਥਕੰਡੇ ਵਰਤ ਰਹੀਆਂ ਹਨ, ਜਿਨ੍ਹਾਂ ਤੋਂ ਦੇਸ਼ ਵਾਸੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ।ਉਨ੍ਹਾਂ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਅਜਿਹੀਆਂ ਤਾਕਤਾਂ ਦਾ ਇਕੱਠੇ ਹੋ ਕੇ ਮੁਕਾਬਲਾ ਕੀਤਾ ਜਾਵੇ, ਇਸ ਦੇ ਨਾਲ ਹੀ ਦੇਸ਼ ਦੀ ਏਕਤਾ, ਅਖੰਡਤਾ ਅਤੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਵੀ ਬਣਾਈ ਰੱਖਿਆ ਜਾਵੇ।

ਉਨ੍ਹਾਂ ਕਿਹਾ ਕਿ ਜੋ ਕੌਮਾਂ ਆਪਣੇ ਗੌਰਵਮਈ ਇਤਿਹਾਸ ਨੂੰ ਜਿੰਦਾ ਅਤੇ ਯਾਦ ਰੱਖਦੀਆਂ ਹਨ, ਉਹ ਕੌਮਾਂ ਹਮੇਸ਼ਾਂ ਹੀ ਚੜ੍ਹਦੀ ਕਲਾ ਵਿੱਚ ਰਹਿੰਦੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਰਾਜਪੂਤ ਭਾਈਚਾਰੇ ਦੀ ਬਿਹਤਰੀ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਵਿਖੇ ਮਹਾਰਾਣਾ ਪ੍ਰਤਾਪ ਦੇ ਨਾਮ 'ਤੇ ਚੇਅਰ ਸਥਾਪਿਤ ਕੀਤੀ ਗਈ ਹੈ ਅਤੇ ਜ਼ਿਲ੍ਹਾ ਰੋਪੜ ਵਿੱਚ ਮਹਾਰਾਣਾ ਪ੍ਰਤਾਪ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ। ਉਸੇ ਤਰਜ਼ 'ਤੇ ਹੀ ਪਿਛਲੇ ਸਾਲ ਲੁਧਿਆਣਾ ਵਿਖੇ ਵੀ ਮਹਾਰਾਣਾ ਪ੍ਰਤਾਪ ਦਾ ਬੁੱਤ ਸਥਾਪਿਤ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਜਿਸ ਪਾਰਕ ਵਿੱਚ ਇਹ ਬੁੱਤ ਸਥਾਪਤ ਕੀਤਾ ਗਿਆ ਸੀ ਉਥੇ ਕਿਸੇ ਸਮੇਂ ਕਾਫੀ ਗੰਦਗੀ ਅਤੇ ਉਜਾੜ ਸੀ ਜੋ ਕਿ ਇੱਕ ਸ਼ਾਨਦਾਰ ਪਾਰਕ ਵਜੋਂ ਤਬਦੀਲ ਹੋ ਚੁੱਕੀ ਹੈ।

ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਕਰਵਾਏ ਜਾ ਰਹੇ ਕਾਰਜਾਂ ਦਾ ਵੇਰਵਾ ਵੀ ਪੇਸ਼ ਕੀਤਾ ਅਤੇ ਰਾਜਪੂਤ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਬਿਹਤਰੀ ਲਈ ਯਤਨ ਜਾਰੀ ਰੱਖੇ ਜਾਣਗੇ।ਉਨ੍ਹਾਂ ਮਹਾਰਾਣਾ ਪ੍ਰਤਾਪ ਰਾਜਪੂਤ ਸਭਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਵੀ ਸ਼ਲਾਘਾ ਕੀਤੀ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਸ਼੍ਰੀ ਭਾਰਤ ਭੂਸ਼ਣ ਆਸ਼ੂ, ਲੋਕ ਸਭਾ ਮੈਂਬਰ ਸ਼੍ਰ. ਰਵਨੀਤ ਸਿੰਘ ਬਿੱਟੂ, ਸ਼੍ਰੀ ਸੁਰਿੰਦਰ ਡਾਬਰ, ਸ਼੍ਰੀ ਸੰਜੇ ਤਲਵਾੜ, ਸ਼੍ਰ. ਕੁਲਦੀਪ ਸਿੰਘ ਵੈਦ (ਤਿੰਨੇ ਵਿਧਾਇਕ), ਮੇਅਰ ਬਲਕਾਰ ਸਿੰਘ ਸੰਧੂ, ਡਿੰਪਲ ਰਾਣਾ, ਸੰਤ ਸਿੰਘ ਰਾਣਾ, ਅਨਿਲ ਠਾਕੁਰ ਨੇ ਵੀ ਸੰਬੋਧਨ ਕੀਤਾ।

ਸਮਾਗਮ ਦੌਰਾਨ ਰਾਣਾ ਰਣਜੀਤ ਸਿੰਘ, ਰਾਣਾ ਰਣਬੀਰ ਸਿੰਘ, ਧਰਮਵੀਰ ਸਿੰਘ ਰਾਣਾ, ਰਾਕੇਸ਼ ਮਨਿਹਾਸ, ਪ੍ਰਦੀਪ ਡਡਵਾਲ, ਕਮਲ ਡਡਵਾਲ, ਗੌਤਮ ਪੁੰਡੀਰ, ਵਿਸ਼ਵਜੀਤ ਠਾਕੁਰ, ਪਵਨ ਰਾਣਾ, ਅਮਰਿੰਦਰ ਗੋਬਿੰਦ ਰਾਵ, ਰਾਕੇਸ਼ ਰਾਣਾ, ਰਵਿੰਦਰ ਪਠਾਨੀਆ, ਦਿਨੇਸ਼ ਰਾਣਾ, ਮੁਕੇਸ਼ ਸਿੰਘ ਰਾਣਾ, ਏ. ਬੀ. ਸਿੰਘ, ਭੁਪਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਰਾਜਪੂਤ ਭਾਈਚਾਰੇ ਦੇ ਲੋਕ ਹਾਜ਼ਰ ਸਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਨਸ਼ਾ, ਵਾਹਨ, ਸ਼ੱਕ ਅਤੇ ਲਿਬਰਲ ਸਰਕਾਰ ਦੀ ਹਿਚਕਚਾਹਟ

ਬੇਸ਼ੱਕ ਇਸ ਵਿਸ਼ੇ ਉੱਤੇ ਪੰਜਾਬੀ ਪੋਸਟ ਵੱਲੋਂ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਪਰ ਨਸ਼ਾ ਕਰਕੇ ਵਾਹਨ ਚਲਾਉਣ ਬਾਰੇ ਦਸੰਬਰ 2018 ਵਿੱਚ ਪਾਸ ਕੀਤਾ ਲਿਬਰਲ ਸਰਕਾਰ ਦਾ ਕਾਨੂੰਨ ਐਨਾ ਸਖ਼ਤ ਹੈ ਕਿ ਇਸਦੀ ਚਰਚਾ ਜਾਰੀ ਰੱਖਣੀ ਲਾਜ਼ਮੀ ਬਣਦੀ ਹੈ। ਇਸ ਕਾਨੂੰਨ ਵਿੱਚ ਅਜਿਹੀਆਂ ਊਣਤਾਈਆਂ ਹਨ ਜਿਹਨਾਂ ਬਾਰੇ ਕਾਨੂੰਨੀ ਮਾਹਰਾਂ ਵੱਲੋਂ ਇਸਦੇ ਪਾਰਲੀਮੈਂਟ ਵਿੱਚ ਪਾਸ ਹੋਣ ਤੋਂ ਪਹਿਲਾਂ ਹੀ ਕੋਠੇ ਚੜ ਕੇ ਚੇਤਾਵਨੀਆਂ ਦਿੱਤੀਆਂ ਗਈਆਂ ਸਨ ਪਰ ਸਰਕਾਰ ਨੇ ਆਪਣੇ ਰਸਤੇ ਨੂੰ ਬਦਲਣਾ ਕਬੂਲ ਨਹੀਂ ਸੀ ਕੀਤਾ।

ਜਿਹੜੀਆਂ ਖਾਸ ਊਣਤਾਈਆਂ ਬਾਰੇ ਵਿਸ਼ੇਸ਼ ਕਰਕੇ ਚੇਤਾਵਨੀ ਦਿੱਤੀ ਗਈ ਸੀ ਉਹਨਾਂ ਵਿੱਚ ਪੁਲੀਸ ਨੂੰ ਬਿਨਾ ਸ਼ੱਕ ਤੋਂ ਡਰਾਈਵਰ ਦੇ ਸਾਹ ਦਾ ਟੈਸਟ (breathliser) ਕਰਨ ਦੀ ਇਜਾਜ਼ਤ ਅਤੇ ਗੱਡੀ ਚਲਾਉਣ ਤੋਂ ਦੋ ਘੰਟੇ ਬਾਅਦ ਤੱਕ ਤੁਹਾਡੇ ਘਰ ਜਾ ਕੇ ਟੈਸਟ ਕਰਨ ਦੀ ਇਜਾਜ਼ਤ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਬੇਸ਼ੱਕ ਤੁਸੀਂ ਸੋਫੀ ਡਰਾਈਵਿੰਗ ਕਰਨ ਤੋਂ ਬਾਅਦ ਆਪਣੇ ਘਰ ਪਰਿਵਾਰ ਜਾਂ ਦੋਸਤਾਂ ਨਾਲ ਸ਼ੁਗਲ ਮੇਲਾ ਹੀ ਕਿਉਂ ਨਾ ਕਰ ਰਹੇ ਹੋਵੋ। ਇਸੇ ਤਰਾਂ ਜੇ ਕਿਸੇ ਪਰਮਾਨੈਂਟ ਰੈਜ਼ੀਡੈਂਟ ਨੂੰ ਡਰਾਈਵਿੰਗ ਦੀ ਉਲੰਘਣਾ ਦੇ ਦੋਸ਼ ਵਿੱਚ ਦੋ ਸਾਲ ਜਾਂ ਵੱਧ ਸਜ਼ਾ ਹੋ ਜਾਵੇ ਤਾਂ ਉਸਦਾ ਪਰਮਾਨੈਂਟ ਰੈਜ਼ੀਡੈਂਟ ਖੋਹ ਲਿਆ ਜਾਣਾ ਸ਼ਾਮਲ ਹੈ। ਚੇਤੇ ਰਹੇ ਕਿ ਹਮਬੋਲਟ ਹਾਦਸੇ ਵਿੱਚ ਸ਼ਾਮਲ ਪੰਜਾਬੀ ਡਰਾਈਵਰ ਜਸਕੀਰਤ ਸਿੰਘ ਸਿੱਧੂ ਦਾ ਪਰਮਾਨੈਂਟ ਰੈਜ਼ੀਡੈਂਟ ਦਰਜ਼ਾ ਇਸ ਕਾਨੂੰਨ ਕਾਰਣ ਹੀ ਖੁੱਸ ਜਾਵੇਗਾ। ਜੇ ਪਹਿਲਾਂ ਵਾਲਾ ਕਾਨੂੰਨ ਹੀ ਲਾਗੂ ਰਹਿੰਦਾ ਤਾਂ ਸਿੱਧੂ ਨੂੰ ਸਜ਼ਾ ਤਾਂ ਮਿਲਦੀ ਪਰ ਕੈਨੇਡਾ ਛੱਡ ਕੇ ਜਾਣ ਦੀ ਨੌਬਤ ਨਹੀਂ ਸੀ ਆਉਣੀ।

ਸਮੇਂ ਨਾਲ ਹਾਲਾਤ ਇੰਝ ਬਣਦੇ ਜਾ ਰਹੇ ਹਨ ਕਿ ਸਰਕਾਰ ਨੂੰ ਇਸ ਕਾਨੂੰਨ ਵਿੱਚ ਤਬਦੀਲੀਆਂ ਕਰਨੀਆਂ ਹੀ ਪੈਣਗੀਆਂ। ਜੇ ਪਬਲਿਕ ਵਿੱਚੋਂ ਉੱਠ ਰਹੀਆਂ ਆਵਾਜ਼ਾਂ ਨੂੰ ਅਣਸੁਣਿਆ ਕੀਤਾ ਜਾਵੇਗਾ ਤਾਂ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਅਦਾਲਤਾਂ ਵੱਲੋਂ ਇਸ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਜਾਵੇਗਾ। ਬੀਤੇ ਹਫ਼ਤੇ ਬ੍ਰਿਟਿਸ਼ ਕੋਲੰਬੀਆ ਨਿਵਾਸੀ ਲੀ- ਲੌਅਰੀ (Lee Lowrie) ਨੇ ਅਦਾਲਤ ਵਿੱਚ ਆਰ ਸੀ ਐਮ ਪੀ ਵੱਲੋਂ ਲਾਏ ਗਏ ਦੋਸ਼ਾਂ ਵਿਰੁੱਧ ਕੇਸ ਜਿੱਤ ਲਿਆ ਹੈ। ਲੌਅਰੀ ਦਾ ਆਰ ਸੀ ਐਮ ਪੀ ਨੇ ਉਸਦੀ ਭੈਣ ਦੇ ਘਰ ਜਾ ਕੇ ਬਰੈਥਲਾਈਜ਼ਰ ਟੈਸਟ ਕਰਕੇ ਉਸਦਾ ਲਾਇੰਸਸ ਅਤੇ ਕਾਰ ਦੋਵੇਂ ਜ਼ਬਤ ਕਰ ਲਏ ਸੀ। ਉਸਦਾ ਦੋਸ਼ ਸਿਰਫ਼ ਐਨਾ ਸੀ ਕਿ ਆਪਣੀ ਭੈਣ ਦੇ ਘਰ ਜਾਣ ਵੇਲੇ ਰਸਤੇ ਵਿੱਚ ਉਸਨੇ ਲੰਚ ਕਰਨ ਦੌਰਾਨ ਇੱਕ ਪੈੱਗ ਪੀਤਾ ਸੀ। ਆਰ ਸੀ ਐਮ ਪੀ ਨੇ ਇਹ ਸਬੂਤ ਨੂੰ ਵੇਖਣੋਂ ਨਾਂਹ ਕਰ ਦਿੱਤੀ ਕਿ ਮਸ਼ੀਨ ਵਿੱਚ ਪਾਈ ਗਈ ਅਲਕੋਲਹਲ ਦੀ ਮਾਤਰਾ ਦਾ ਕਾਰਣ ਲੌਅਰੀ ਵੱਲੋਂ ਆਪਣੀ ਭੈਣ ਘਰ ਸ਼ਰਾਬ ਪੀਣਾ ਸੀ।

ਉਸ ਗੱਲ ਦੀ ਚਰਚਾ ਵੀ ਅੱਜ ਤੱਕ ਜਾਰੀ ਹੈ ਜੋ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਾਈਸ ਮੀਡੀਆ ਨਾਲ ਇੰਟਰਵਿਊ ਦੇਂਦੇ ਹੋਏ ਕੀਤੀ ਸੀ। ਟਰੂਡੋ ਹੋਰਾਂ ਨੇ ਮੰਨਿਆ ਸੀ ਕਿ ਉਸਦੇ ਛੋਟਾ ਭਰਾ ਮਿਸ਼ੇਲ ਟਰੂਡੋ ਦਾ ਪੁਲੀਸ ਵੱਲੋਂ ਦਿੱਤੀ ਟਰੈਫਿਕ ਟਿਕਟ ਤੋਂ ਇਸ ਲਈ ਬਚਾਅ ਹੋ ਗਿਆ ਸੀ ਕਿਉਂਕਿ ਉਹਨਾਂ ਦੇ ਪਿਤਾ ਦੀ ਚੰਗੇ ਵਕੀਲਾਂ ਤੱਕ ਪਹੁੰਚ ਸੀ ਅਤੇ ਪਰਿਵਾਰ ਕੋਲ ਵਕੀਲਾਂ ਨੂੰ ਪੈਸੇ ਦੇਣ ਦੀ ਸਮਰੱਥਾ ਸੀ। ਜਸਟਿਨ ਟਰੂਡੋ ਦੇ ਨਿੱਕੇ ਭਰਾ ਮਿਸ਼ੇਲ ਦਾ ਦੁਰਭਾਗਵੱਸ ਇਸ ਘਟਨਾ ਤੋਂ ਛੇ ਮਹੀਨੇ ਬਾਅਦ ਇੱਕ ਹੋਰ ਸੜਕ ਹਾਦਸੇ ਵਿੱਚ ਦਿਹਾਂਤ ਹੋ ਗਿਆ ਸੀ। ਜਸਟਿਨ ਟਰੂਡੋ ਨੇ ਮੰਨਿਆ ਸੀ ਕਿ ਜਿਹਨਾਂ ਲੋਕਾਂ ਕੋਲ ਸਾਧਨ ਅਤੇ ਪੈਸੇ ਦੀ ਘਾਟ ਹੁੰਦੀ ਹੈ, ਉਹਨਾਂ ਵਾਸਤੇ ਸਖ਼ਤ ਟਰੈਫਿਕ ਕਾਨੂੰਨ ਬੇਲੋੜੀਆਂ ਦਿੱਕਤਾਂ ਪੈਦਾ ਕਰਦੇ ਹਨ।

ਕੀ ਹੈਰਾਨੀ ਦੀ ਗੱਲ ਨਹੀਂ ਕਿ ਸਖ਼ਤ ਟਰੈਫਿਕ ਕਾਨੂੰਨਾਂ ਦਾ ਸੱਚ ਜਾਣਨ ਦੇ ਬਾਵਜੂਦ ਜਸਟਿਨ ਟਰੂਡੋ ਦੀ ਉਪਰੋਕਤ ਮੁਲਾਕਾਤ ਨੂੰ ਹਾਲੇ ਛੇ ਮਹੀਨੇ ਵੀ ਸਨ ਬੀਤੇ ਕਿ ਉਸਦੀ ਆਪਣੀ ਸਰਕਾਰ ਨੇ ਲੋੜੋਂ ਵੱਧ ਕਰੜਾ ਕਾਨੂੰਨ ਪਾਸ ਕਰ ਦਿੱਤਾ ਸੀ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਕਾਨੂੰਨ ਦੇ ਪਾਸ ਹੋਣ ਤੋਂ ਕੁੱਝ ਦਿਨ ਪਹਿਲਾਂ ਤਤਕਾਲੀ ਨਿਆਂ ਮੰਤਰੀ ਜੋਡੀ ਵਿਲਸਨ ਰੇਅਬੂਲਡ ਨੇ ਮੰਨਿਆ ਸੀ ਕਿ ਇਸ ਕਾਨੂੰਨ ਨੂੰ ਚਾਰਟਰ ਤਹਿਤ ਚੁਣੌਤੀ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਹਨ। ਇਹਨਾਂ ਕੌੜੇ ਤੱਥਾਂ ਦੇ ਬਾਵਜੂਦ ਇਹ ਸਮਝਣਾ ਔਖਾ ਹੈ ਕਿ ਸਰਕਾਰ ਨੂੰ ਆਪਣੀ ਗਲਤੀ ਦਰੁਸਤ ਕਰਨ ਵਿੱਚ ਦਿੱਕਤ ਕਿਉਂ ਆ ਰਹੀ ਹੈ?

## ਕੈਨੇਡੀਅਨਾਂ ਬਾਰੇ ਜਾਣਕਾਰੀ ਇੱਕਠੀ ਕਰਕੇ ਉਸ ਨੂੰ ਸਾਂਝੀ ਵੀ ਕਰ ਸਕਦੇ ਹਨ ਕੈਨੇਡਾ ਦੇ ਫੌਜੀ ਜਾਸੂਸ ?

...ਪੰਨਾ 1 ਦਾ ਬਾਕੀ

ਪਰ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਤਕਨਾਲੋਜੀ ਤੇ ਵਿਕਾਸ ਤੇ ਸਮਰੱਥਾ ਵਿੱਚ ਹੋ ਰਹੇ ਵਾਧੇ ਕਾਰਨ ਇਹ ਸੰਭਾਵਨਾ ਵੀ ਪੈਦਾ ਹੋ ਗਈ ਹੈ ਕਿ ਅਜਿਹੀ ਕੈਨੇਡੀਅਨ ਜਾਣਕਾਰੀ ਸੋਸ਼ਲ ਮੀਡੀਆ ਆਦਿ ਵਰਗੇ ਸਰੋਤਾਂ ਤੋਂ ਵੀ ਫੜ੍ਹੀ ਜਾ ਸਕਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪਾਰਲੀਆਮੈਂਟੇਰੀਅਨਜ਼ ਦੀ ਨੈਸ਼ਨਲ ਸਕਿਊਰਿਟੀ ਅਤੇ ਇੰਟੈਲੀਜੈਂਸ ਕਮੇਟੀ ਇਸ ਆਦੇਸ਼ ਦੀ ਜਾਂਚ ਕਰ ਰਹੀ ਹੈ। ਇਹ ਜਾਂਚ ਇਸ ਅਧਿਐਨ ਲਈ ਕੀਤੀ ਜਾ ਰਹੀ ਹੈ ਕਿ ਨੈਸ਼ਨਲ ਡਿਫੈਂਸ ਤੇ ਕੈਨੇਡੀਅਨ ਫੋਰਸਿਜ਼ ਵੱਲੋਂ ਇੱਕਠੀ ਕੀਤੀ ਜਾਣ ਵਾਲੀ ਇਸ ਜਾਣਕਾਰੀ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ। ਇਸ ਬਾਰੇ ਕਮੇਟੀ ਵੱਲੋਂ ਇੱਕ ਖਾਸ ਰਿਪੋਰਟ ਇਸ ਸਾਲ ਪ੍ਰਧਾਨ ਮੰਤਰੀ ਸਾਹਮਣੇ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

## ਐਨਬੀਏ ਦੇ ਫਾਈਨਲਜ਼ ਵਿੱਚ ਐਂਗੇਜ ਕੈਨੇਡਾ ਨਾਲ ਹੋਵੇਗਾ ਕੰਜ਼ਰਵੇਟਿਵਾਂ ਦਾ ਮੁਕਾਬਲਾ

...ਪੰਨਾ 1 ਦਾ ਬਾਕੀ

ਐਂਗੇਜ ਦੀ ਤਰਜ਼ਮਾਨ ਟੈਬੀਥਾ ਬਰਨ-ਾਰਡ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਗਰੁੱਪ ਵੱਲੋਂ ਅਜਿਹੀ ਇਸ਼ਤਿਹਾਰਬਾਜ਼ੀ ਲਈ ਗੇਮ 5 ਦੀ ਐਡ ਕੈਂਪੇਨ ਵਾਸਤੇ ਕਿੰਨਾਂ ਪੈਸਾ ਲਾਇਆ ਜਾ ਰਿਹਾ ਹੈ। ਐਨਬੀਏ ਦੇ ਫਾਈਨਲਜ਼ ਵਿੱਚ ਚੱਲਣ ਵਾਲੇ ਇਸ਼ਤਿਹਾਰ ਸੱਭ ਤੋਂ ਮਹਿੰਗੇ ਮੰਨੇ ਜਾਂਦੇ ਹਨ। ਇਹ ਇਸ਼ਤਿਹਾਰ 10 ਮਿਲੀਅਨ ਜਾਂ ਇਸ ਤੋਂ ਵੀ ਵੱਧ ਕੈਨੇਡੀਅਨਾਂ ਤੱਕ ਪਹੁੰਚਦੇ ਹਨ। ਬਰਨਾਰਡ ਨੇ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਕੈਨੇਡਾ ਦੀ ਸੱਭ ਤੋਂ ਵੱਡੀ ਮੀਡੀਆ ਯੂਨੀਅਨ ਯੂਨੀਫੌਰ ਵੀ ਐਂਗੇਜ ਨਾਲ ਸ਼ਾਮਲ ਹੈ ਪਰ ਉਸ ਦੀ ਕਿੰਨੀ ਭੂਮਿਕਾ ਹੈ ਇਹ ਦੱਸਣ ਤੋਂ ਉਨ੍ਹਾਂ ਇਨਕਾਰ ਕਰ ਦਿੱਤਾ।

## ਬਰੈਂਪਟਨ ਵਿਖੇ ਤਿੰਨ ਰੋਜ਼ਾ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ

### ਕਾਨਫਰੰਸ ਵਿਚ ਪਟਿਆਲਾ ਤੋਂ ਸਾਮਲ ਹੋਣਗੇ ਲੱਖਾ, ਗੋਲਡੀ ਤੇ ਸਹਿਰਾਬ

ਮੋਗਾ, 9 ਜੂਨ (ਗਿਆਨ ਸਿੰਘ): ਕੈਨੇਡਾ ਵਿਚ ਬਰੈਮਟਨ ਵਿਖੇ ਤਿੰਨ ਰੋਜ਼ਾ ਪੰਜਵੀ ਵਿਸ਼ਵ ਪੰਜਾਬੀ ਕਾਨਫਰੰਸ 28 ਤੋਂ 30 ਜੂਨ ਤਕ ਕਰਵਾਈ ਜਾ ਰਹੀ ਹੈ ਜਿਸਦਾ ਵਿਸ਼ਾ 'ਵਿਦੇਸ਼ਾ ਵਿਚ ਪੰਜਾਬੀਆਂ ਦੀਆਂ ਮੁਸ਼ਕਲਾਂ 'ਤੇ ਉਨ੍ਹਾਂ ਦਾ ਹੱਲ' ਰੱਖਿਆ ਗਿਆ ਹੈ। ਇਸ ਕਾਨਫਰੰਸ ਵਿਚ ਵੱਖ ਵੱਖ ਦੇਸ਼ਾ ਤੋਂ ਮਹਾਨ ਸ਼ਖ਼ਸੀਅਤਾਂ, ਲੇਖਿਕ, ਕਵੀ, ਬੁੱਧੀਜੀਵੀ, ਸਾਹਿਤਕਾਰ, ਖੋਜ਼ਕਾਰ, ਪੱਤਰਕਾਰ, ਵਿਚਾਰਵਾਨ, ਆਰਟਿਸ਼ਟ,ਫਿ਼ਲਮ ਨਿਰਮਾਤਾ,ਰੰਗਕਰਮੀ ਹਿੱਸਾ ਲੈਣ ਲਈ ਪੁੱਜ ਰਹੇ ਹਨ।ਇਸ ਪੰਜਾਬੀ ਕਾਨਫਰੰਸ ਵਿਚ ਪਟਿਆਲਾ ਤੋਂ ਇੱਕ ਪਰਿਵਾਰ ਸਾਮਲ ਹੋ ਰਿਹਾ ਹੈ ਜਿਨ੍ਹਾਂ ਦਾ ਰੰਗਮੰਚ ਵਿੱਚ ਉਘਾ ਯੋਗਦਾਨ ਹੈ। ਡਾਕਟਰ ਲੱਖਾ ਲਹਿਰੀ,ਉਨ੍ਹਾ ਦੀ ਪਤਨੀ ਡਾਕਟਰ (ਸ਼੍ਰੀਮਤੀ) ਇੰਦਰਜੀਤ ਕੌਰ ਗੋਲਡੀ ਅਤੇ ਸਪੁੱਤਰ ਸਹਿਰਾਬ ਸਾਮਲ ਹੋ ਰਹੇ ਹਨ।



ਡਾਕਟਰ ਲੱਖਾ ਲਹਿਰੀ ਪੰਜਾਬੀ ਫਿਲਮਾਂ ਅਤੇ ਰੰਗਮੰਚ ਦੇ ਉੱਘੇ ਕਲਾਕਾਰ ਹਨ, ਡਾਕਟਰ ਇੰਦਰਜੀਤ ਕੌਰ ਗੋਲਡੀ ਵੀ ਲੰਬੇ ਸਮੇਂ ਤੋਂ ਰੰਗਮੰਚ ਨਾਲ ਜੁੜੀ ਹੋਈ ਹੈ,ਦੋਵਾਂ ਪਤੀ ਪਤਨੀ ਨੇ ਰੰਗਮੰਚ ਵਿਚ ਡਾਕਟਰੇਟ ਕੀਤੀ ਹੋਈ ਹੈ। ਇਸ ਕਾਨਫਰੰਸ ਵਿਚ ਡਾਕਟਰ ਗੋਲਡੀ ਨੂੰ 'ਵਿਦੇਸ਼ਾ ਵਿਚ ਪੰਜਾਬੀਆਂ ਦੀਆਂ ਮੁਸ਼ਕਲਾਂ 'ਤੇ ਉਨ੍ਹਾਂ ਦਾ ਹੱਲ' ਵਿਸ਼ੇ ਤੇ ਪਰਚਾ ਪੜ੍ਹਨ ਲਈ ਸੱਦਾ ਦਿੱਤਾ ਗਿਆ ਹੈ।ਡਾਕਟਰ ਲਹਿਰੀ ਨੇ ਦੱਸਿਆ ਕਿ ਉਹ ਇਸੇ ਵਿਸ਼ੇ ਤੇ ਇਕ 'ਦਸਤਵੇਜੀ ਫਿਲਮ' ਤਿਆਰ ਕਰਨਗੇ।ਉਨ੍ਹਾ ਦੱਸਿਆ ਕਿ ਉਹਨਾਂ ਦਾ ਸਪੁੱਤਰ ਸਹਿਰਾਬ ਵੀ ਕਈ ਫਿਲਮਾਂ ਵਿਚ 'ਬਾਲ ਕਲਾਕਾਰ' ਦਾ ਰੋਲ ਨਿਭਾ ਚੁੱਕਾ ਹੈ।ਵਰਨਣਯੋਗ ਹੈ ਕਿ ਡਾਕਟਰ ਇੰਦਰਜੀਤ ਕੌਰ ਗੋਲਡੀ ਨੇ ਦੋ ਸਾਲ ਪਹਿਲਾਂ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਆਪਣਾ ਪਰਚਾ ਪੜ੍ਹਿਆ ਸੀ।ਇਹ ਪਰਿਵਾਰ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਹਿੱਸਾ ਲੈਣ ਲਈ ਕੈਨੇਡਾ ਰਵਾਨਾ ਹੋ ਗਿਆ।


ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਭਾਰਤ ਨੂੰ ਅਮਰੀਕਾ ਆਰਮਰਡ ਡਰੋਨ ਦੇਵੇਗਾ

ਵਾਸ਼ਿੰਗਟਨ, 9 ਜੂਨ (ਪੋਸਟ ਬਿਊਰੋ)- ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਨੇ ਕੱਲ੍ਹ ਭਾਰਤ ਨੂੰ ਆਰਮਰਡ ਡਰੋਨ ਦੇਣ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ ਤੇ ਏਅਰ ਐਂਡ ਮਿਜ਼ਾਈਲ ਡਿਫੈਂਸ ਸਿਸਟਮ ਦੇਣ ਦੀ ਤਜਵੀਜ਼ ਵੀ ਭਾਰਤ ਸਾਹਮਣੇ ਰੱਖੀ ਹੈ। ਇਸ ਦਾ ਉਦੇਸ਼ ਭਾਰਤ ਦੀ ਫੌਜੀ ਸਮਰੱਥਾ ਦਾ ਵਾਧਾ ਕਰਨਾ ਅਤੇ ਹਿੰਦ ਪ੍ਰਸ਼ਾਂਤ ਖੇਤਰ ਵਿੱਚ ਦੋਵਾਂ ਦੇਸ਼ਾਂ ਦੇ ਹਿੱਤ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਵਧਾਉਣਾ ਹੈ।

ਵਰਨਣ ਯੋਗ ਹੈ ਕਿ ਰੂਸ ਤੋਂ ਪੰਜ ਅਰਬ ਡਾਲਰ ਦੇ ਐੱਸ 400 ਏਅਰ ਡਿਫੈਂਸ ਸਿਸਟਮ ਦੀ ਖਰੀਦ ਵਾਲੇ ਸੌਦੇ ਮਗਰੋਂ ਅਮਰੀਕਾ ਉਸ ਦੇ ਬਦਲੇ ਆਪਣੇ ਅਤਿ ਆਧੁਨਿਕ ਬਾਡ ਮਿਜ਼ਾਈਲ ਡਿਫੈਂਸ ਸਿਸਟਮ ਭਾਰਤ ਨੂੰ ਵੇਚਣ ਦੇ ਲਈ ਤਜਵੀਜ਼ ਪੇਸ਼ ਕਰ ਚੁੱਕਾ ਹੈ। ਇਸ ਦੀ ਮਨਜ਼ੂਰੀ 14 ਫਰਵਰੀ ਦੇ ਪੁਲ-ਵਾਮਾ ਉਸ ਅੱਤਵਾਦੀ ਹਮਲੇ ਤੋਂ ਬਾਅਦ ਹੋਈ ਹੈ, ਜਿਸ ਵਿੱਚ ਚਾਲੀ ਭਾਰਤੀ ਫੌਜੀ ਮਾਰੇ ਗਏ ਸਨ। ਇਸ ਤੋਂ ਬਾਅਦ ਭਾਰਤ ਨੇ 1971 ਦੀ ਜੰਗ ਤੋਂ ਬਾਅਦ ਪਹਿਲੀ ਵਾਰ ਪਾਕਿਸਤਾਨ ਵਿੱਚ ਵੜ ਕੇ ਕਾਰਵਾਈ ਕੀਤੀ ਸੀ। ਏਹੀ ਨਹੀਂ, ਹਿੰਦ ਤੇ ਪ੍ਰਸ਼ਾਂਤ ਮਹਾਸਾਗਰ ਖੇਤਰ ਵਿੱਚ ਚੀਨ ਦੀ ਵਧਦੀ ਤਾਕਤ ਵੇਖਦੇ ਹੋਏ ਅਮਰੀਕਾ ਨੇ ਇਹ



ਤਜਵੀਜ਼ ਰੱਖੀ ਹੈ। ਵ੍ਹਾਈਟ ਹਾਊਸ ਦੇ ਅਧਿਕਾਰੀ ਮੁਤਾਬਕ ਟਰੰਪ ਪ੍ਰਸ਼ਾਸਨ ਆਪਣੇ ਸਭ ਤੋਂ ਚੰਗੇ ਹਥਿਆਰ ਅਤੇ ਅਤਿ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਭਾਰਤ ਨੂੰ ਦੇਣ ਨੂੰ ਤਿਆਰ ਹੈ।

ਜੂਨ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਬੈਠਕ ਤੋਂ ਬਾਅਦ ਅਮਰੀਕਾ ਭਾਰਤ ਨੂੰ ਗਾਰਡੀਅਨ ਸਰਵਿਲਾਂਸ ਡਰੋਨ ਵੇਚਣ ਲਈ ਮੰਨ ਗਿਆ ਸੀ, ਜਿਸ ਡਰੋਨ ਨਾਲ ਕਾਫੀ ਉਚਾਈ ਤੋਂ ਜ਼ਮੀਨ ਤੇ ਸਮੁੰਦਰ ਦੀਆਂ ਛੋਟੀਆਂ ਵਸਤਾਂ ਨੂੰ ਵੇਖਿਆ ਜਾ ਸਕਦਾ ਹੈ, ਪਰ ਆਰਮ-ਰਡ ਡਰੋਨ ਨਾਲ ਇਨ੍ਹਾਂ ਵਸਤਾਂ ਅਤੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਅਫਗਾਨਿਸਤਾਨ ਤੇ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ਵਿੱਚ ਅਮਰੀਕਾ ਨੇ ਇਨ੍ਹਾਂ ਡਰੋਨ ਰਾਹੀਂ ਵੱਡੀ ਗਿਣਤੀ ਵਿੱਚ ਤਾਲਿਬਾਨ ਅੱਤਵਾਦੀ ਮਾਰੇ ਹਨ।

## ਪਰਿਵਾਰ ਤੋਂ ਜੁਦਾ ਹੋਣ ਦਾ ਢੰਗ

-ਪ੍ਰਿੰਸੀਪਲ ਵਿਜੈ ਕੁਮਾਰ

ਕੋਈ ਸਮਾਂ ਸੀ, ਜਦੋਂ ਪਰਵਾਰ ਦੀਆਂ ਤਿੰਨ ਚਾਰ ਪੀੜ੍ਹੀਆਂ ਦਾ ਇੱਕਠ ਪੁੱਗ ਜਾਂਦਾ ਸੀ। ਫਰਵਾਰ ਦੇ ਜੀਅ ਮਨੋਂ ਇਕ ਦੂਜੇ ਨਾਲ ਜੁੜੇ ਹੁੰਦੇ ਸਨ। ਕੋਈ ਐਵੇਂ ਪਰਵਾਰ ਤੋਂ ਅੱਡ ਹੋਣ ਬਾਰੇ ਸੋਚਦਾ ਨਹੀਂ ਸੀ। ਵੱਡੇ ਪਰਵਾਰਾਂ ਵਿੱਚ ਤੇਰੇ ਮੇਰੇ ਦੀ ਭਾਵਨਾ ਨਹੀਂ ਸੀ। ਪਰਵਾਰ ਦੇ ਵੱਡੇ-ਵਡੇਰਿਆਂ ਦੇ ਕਹਿਣੇ ਤੋਂ ਕੋਈ ਬਾਹਰ ਨਹੀਂ ਹੁੰਦਾ ਸੀ। ਪਰਵਾਰ ਦੀ ਵੰਡ ਤੋਂ ਬਾਅਦ ਰੋਟੀ ਪਾਣੀ ਹੀ ਅੱਡ ਹੁੰਦਾ ਸੀ। ਕੰਮ ਧੰਦੇ ਸਾਂਝੇ ਹੁੰਦੇ ਸਨ। ਅਜੋਕੇ ਯੁੱਗ ਵਿੱਚ ਸਾਡੇ ਪਰਵਾਰ ਮਕਾਨ ਬਣਦੇ ਜਾ ਰਹੇ ਹਨ। ਇਕੱਠੇ ਰਹਿੰਦਿਆਂ ਵੀ ਇਕ ਦੂਜੇ ਵੱਲ ਮੂੰਹ ਹੋਣ ਦੀ ਥਾਂ ਪਿੱਠਾਂ ਹੁੰਦੀਆਂ ਹਨ। ਪਰਵਾਰ ਵਿੱਚ ਬਜ਼ੁਰਗਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਇਕ ਮੁੰਡੇ ਦੇ ਵਿਆਹੇ ਜਾਣ ਨਾਲ ਹੀ ਪਰਵਾਰ ਦੇ ਭਾਂਡੇ ਖੜਕਣੇ ਸ਼ੁਰੂ ਹੋ ਜਾਂਦੇ ਹਨ। ਪਰਵਾਰ ਵਿੱਚ ਗੁਆਂਢੀਆਂ ਦੀ ਦਖਲ ਅੰਦਾਜ਼ੀ ਸ਼ੁਰੂ ਹੋ ਜਾਂਦੀ ਹੈ। ਰਿਸ਼ਤੇਦਾਰਾਂ ਅਤੇ ਪੰਚਾਇਤਾਂ ਦੇ ਇਕੱਠ ਹੋਣੇ ਸ਼ੁਰੂ ਹੋ ਜਾਂਦੇ ਹਨ। ਸਮਾਜ ਵਿੱਚ ਅੱਜ ਵੀ ਬਹੁਤ ਸਾਰੇ ਅਜਿਹੇ ਪਰਵਾਰ ਹਨ, ਜੋ ਇਕੱਠ ਨਿਭਾਉਣਾ ਜਾਣਦੇ ਹਨ।

ਸਾਡੇ ਸ਼ਹਿਰ ਵਿੱਚ ਇਕ ਪਰਵਾਰ ਦੋ ਤਿੰਨ ਪੀੜ੍ਹੀਆਂ ਤੋਂ ਇਕੱਠਾ ਰਹਿ ਰਿਹਾ ਸੀ। ਪਰਵਾਰ ਦੇ ਬਜ਼ੁਰਗਾਂ ਨੇ ਨਵੀਂ ਪੀੜ੍ਹੀ ਦੇ ਚਾਲੇ ਵੇਖ ਕੇ ਉਨ੍ਹਾਂ ਨੂੰ ਬਿਠਾ ਕੇ ਕਿਹਾ ਕਿ ਤੁਹਾਡੇ ਰਸਤੇ ਅੱਡ ਹੁੰਦੇ ਜਾਪ ਰਹੇ ਹਨ। ਸਾਡਾ ਭਰਾਵਾਂ ਦਾ ਬੁਢਾਪਾ ਖਰਾਬ ਨਾ ਕਰਿਓ। ਆਪੋ ਆਪਣਾ ਕੰਮ ਵੰਡ ਲਓ। ਮੁੰਡਿਆਂ ਨੇ ਆਪਸੀ ਸਹਿਮਤੀ ਨਾਲ ਆਪੋ ਆਪਣਾ ਕੰਮ ਵੰਡ ਲਿਆ। ਸ਼ਹਿਰ ਦੇ ਲੋਕਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਉਨ੍ਹਾਂ ਦੇ ਪਰਵਾਰ ਵਿੱਚ ਅੱਡ ਹੋਣ ਦੀ ਨੌਬਤ ਆ ਗਈ ਹੈ। ਕੰਮ ਅੱਡ-ਅੱਡ ਹੋਣ ਬਾਰੇ ਉਨ੍ਹਾਂ ਨੇ ਲੋਕਾਂ ਨੂੰ ਜਵਾਬ ਦਿੱਤਾ ਕਿ ਸਾਡਾ ਕੰਮ-ਕਾਰ ਵੱਡਾ ਸੀ। ਉਸ ਦੀ ਚੰਗੀ ਤਰ੍ਹਾਂ ਸੰਭਾਲ ਲਈ ਅਸੀਂ ਕੰਮ ਵੰਡ ਲਿਆ ਹੈ। ਬਜ਼ੁਰਗਾਂ ਨੇ ਆਪਣੀ ਸਿਆਣਪ ਅਤੇ ਸੂਝਬੂਝ ਨਾਲ ਇੱਕ-ਦੂਜੇ ਨੂੰ ਜੋੜੀ ਰੱਖਿਆ।

ਇਕ ਦਿਨ ਉਨ੍ਹਾਂ ਨੇ ਆਪੋ ਆਪਣੇ ਮੁੰਡਿਆਂ ਨੂੰ ਬਿਠਾ ਕੇ ਕਿਹਾ; ਆਪੋ ਆਪਣਾ ਰੋਟੀ ਪਾਣੀ ਵੀ ਵੰਡ ਲਓ। ਸਾਡੇ ਬੈਠਿਆਂ-ਬੈਠਿਆਂ ਤੁਹਾਡੀਆਂ ਰਸੋਈਆਂ ਅੱਡ ਹੋ ਜਾਣੀਆਂ ਬਣਦੀਆਂ ਹਨ ਤਾਂ ਕਿ ਅਸੀਂ ਤੁਹਾਨੂੰ ਇਕ ਦੂਜੇ ਨਾਲ ਮਿਲਦੇ ਵਰਤਦੇ ਦੇਖੀਏ। ਰਸੋਈਆਂ ਅੱਡ ਕਰਨ ਤੋਂ ਪਹਿਲਾਂ ਉਨ੍ਹਾਂ ਬਜ਼ੁਰਗਾਂ ਨੇ ਸਾਰੇ ਮੁੰਡਿਆਂ ਨੂੰ ਇਕੋ ਜਿਹੇ ਮਕਾਨ ਬਣਾਏ। ਸਭ ਨੂੰ ਇਕੋ ਜਿਹੀਆਂ ਸਹੂਲਤਾਂ ਹਾਸਲ ਕਰਾਈਆਂ। ਬਜ਼ੁਰਗ ਆਪੋ ਆਪਣੀ ਮਰਜ਼ੀ ਨਾਲ ਇਕ ਦੂਜੇ ਦੇ ਘਰ ਰੋਟੀ ਖਾਂਦੇ ਤੇ ਰਹਿੰਦੇ ਹਨ। ਉਸ ਪਰਵਾਰ ਦੇ ਅੱਡ ਹੋਣ ਦੀ ਚਰਚਾ ਅੱਜ ਪੂਰੇ ਸ਼ਹਿਰ ਵਿੱਚ ਹੈ। ਉਨ੍ਹਾਂ ਦੇ ਪਿਆਰ ਅਤੇ ਮਿਲਵਰਤਨ ਵਿੱਚ ਕੋਈ ਫਰਕ ਨਹੀਂ ਆਇਆ। ਕਿਸੇ ਸੂਝਵਾਨ ਦਾ ਕਹਿਣਾ ਹੈ ਕਿ ਸਾਡੀ ਸੋਚ ਭੌਤਿਕਵਾਦੀ ਤੇ ਪਦਾਰਥਵਾਦੀ ਬਣਦੀ ਜਾਂਦੀ ਹੈ। ਸਾਨੂੰ ਇਨਸਾਨੀ ਰਿਸ਼ਤਿਆਂ ਨਾਲੋਂ ਜ਼ਮੀਨਾਂ, ਪਲਾਟ, ਕੋਠੀਆਂ ਤੇ ਹੋਰ ਸੁੱਖ ਸਹੂਲਤਾਂ ਜ਼ਿਆਦਾ ਮਹੱਤਵ ਪੂਰਨ ਲੱਗਣ ਲੱਗੀਆਂ ਹਨ। ਅਸੀਂ ਮਨੋਂ ਅੱਡ ਹੁੰਦੇ ਜਾਂਦੇ ਹਾਂ। ਧੀਆਂ ਦੇ ਮਾਪੇ ਉਨ੍ਹਾਂ ਨੂੰ ਪੇਕਿਆਂ ਤੋਂ ਹੀ ਸਹੁਰੇ ਘਰ ਤੋਂ ਅੱਡ ਹੋ ਕੇ ਜ਼ਿੰਦਗੀ ਜਿਊਣ ਦਾ ਪਾਠ ਪੜ੍ਹਾ ਕੇ ਭੇਜਦੇ ਹਨ। ਉਨ੍ਹਾਂ ਦੇ ਮਨ ਵਿੱਚ ਪਰਵਾਰ ਦਾ ਹਿੱਸਾ ਹੋਣ ਦੀ ਭਾਵਨਾ ਨਹੀਂ ਹੁੰਦੀ।

ਇਕ ਪੜ੍ਹੀ ਲਿਖੀ ਕੁੜੀ ਦਾ ਰਿਸ਼ਤਾ ਕੋਈ ਵਿਅਕਤੀ ਅਜਿਹੇ ਪਰਵਾਰ ਵਿੱਚ ਕਰਵਾ ਰਿਹਾ ਸੀ, ਜਿਸ ਦਾ ਸਮਾਜ ਵਿੱਚ ਕਾਫੀ ਉਚਾ ਰੁਤਬਾ ਸੀ। ਪਰਵਾਰ ਵਿੱਚ ਸਾਰੀਆਂ ਸੁੱਖ ਸਹੂਲਤਾਂ ਸਨ। ਮੁੰਡਾ ਕਲਾਸ ਵੰਨ ਅਫਸਰ ਸੀ। ਕੁੜੀ ਵਾਲੇ ਫਿਰ ਵੀ ਉਸ ਪਰਵਾਰ ਵਿੱਚ ਰਿਸ਼ਤਾ ਕਰਨ ਨੂੰ ਤਿਆਰ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਮੁੰਡਾ ਸਾਂਝੇ ਪਰਵਾਰ ਵਿੱਚ ਰਹਿੰਦਾ ਹੈ। ਪਰਵਾਰ ਵੱਡਾ ਹੈ। ਉਨ੍ਹਾਂ ਦੀ ਕੁੜੀ ਕੰਮ ਕਰਦੀ ਮਰ ਜਾਊ। ਜੇ ਮੁੰਡਾ ਕੁੜੀ ਲੈ ਕੇ ਪਰਵਾਰ ਤੋਂ ਅੱਡ ਹੋ ਕੇ ਰਹਿਣ ਲਈ ਮੰਨਦਾ ਹੋਵੇ ਤਾਂ ਉਹ ਰਿਸ਼ਤਾ ਕਰਨ ਲਈ ਤਿਆਰ ਹਨ।

ਸਾਡੀ ਪਦਾਰਥਵਾਦੀ ਤੇ ਭੌਤਿਕਵਾਦੀ ਸੋਚ ਕਾਰਨ ਪਰਵਾਰ ਟੁੱਟ ਰਹੇ ਹਨ। ਅਦਾਲਤਾਂ ਵਿੱਚ ਜ਼ਮੀਨਾਂ ਜਾਇਦਾਦਾਂ ਦੇ ਝਗੜਿਆਂ ਦੇ ਕੇਸ ਵਧ ਰਹੇ ਹਨ। ਪਰਵਾਰਾਂ ਵਿੱਚ ਪੰਚਾਇਤਾਂ ਦੀ ਦਖਲ ਅੰਦਾਜ਼ੀ ਵਧ ਰਹੀ ਹੈ। ਸਾਡੇ ਪਰਵਾਰਾਂ ਵਿੱਚੋਂ ਸਬਰ, ਸੰਤੋਖ ਤੇ ਬਰਦਾਸ਼ਤ ਕਰਨ ਦਾ ਮਾਦਾ ਮਨਫੀ ਹੋ ਰਹੇ ਹਨ। ਅਸੀਂ ਸਵਾਰਥ, ਲੋਭ ਅਤੇ ਨਿੱਜੀ ਹਿੱਤਾਂ ਦਾ ਸ਼ਿਕਾਰ ਹੁੰਦੇ ਜਾ ਰਹੇ ਹਾਂ। ਸਾਡੀਆਂ ਲੋੜਾਂ ਵਧਦੀਆਂ ਜਾਂਦੀਆਂ ਹਨ। ਕੋਈ ਸਮਾਂ ਸੀ ਕਿ ਇਕ ਕਮਾਉਂਦਾ ਅਤੇ ਸਾਰਾ ਟੱਬਰ ਖਾਂਦਾ ਸੀ, ਪਰ ਅੱਜ ਸਾਰੇ ਜੀਆਂ ਵੱਲੋਂ ਕਮਾਉਣ ਦੇ ਬਾਵਜੂਦ ਸਾਡੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ। ਪਰਵਾਰਾਂ ਵਿੱਚ ਤਣਾਅ, ਅਸ਼ਾਂਤੀ, ਆਪਸੀ ਦੁਸ਼ਣਬਾਜ਼ੀ ਵਧਦੇ ਜਾਂਦੇ ਹਨ। ਅਸੀਂ ਇਕੱਠੇ ਰਹਿੰਦਿਆਂ ਵੀ ਮਨਾਂ ਤੋਂ ਜੁਦਾ ਹਾਂ। ਆਪਣਿਆਂ ਨਾਲੋਂ ਆਪਣੇ ਗੁਆਂਢੀਆਂ ਨੂੰ ਵੱਧ ਨੇੜੇ ਸਮਝਦੇ ਹਾਂ। ਇਕੱਠੇ ਰਹਿੰਦਿਆਂ ਵੀ ਸਾਡੇ ਆਪਸੀ ਸਬੰਧ ਟੁੱਟ ਜਾਂਦੇ ਹਨ। ਘਰ ਦੇ ਭੇਤ ਅਸੀਂ ਬਾਹਰਲਿਆਂ ਤੱਕ ਪਹੁੰਚਾਉਂਦੇ ਹਾਂ।

ਚੰਡੀਗੜ੍ਹ ਦੇ ਇਕ ਵਪਾਰੀ ਵਰਗ ਦੇ ਬਜ਼ੁਰਗ ਨੇ ਮਰਨ ਲੱਗਿਆਂ ਆਪਣੇ ਪੁੱਤਰਾਂ ਦਾ ਹੱਥ ਆਪਣੇ ਛੋਟੇ ਭਰਾ ਦੇ ਹੱਥ ਵਿੱਚ ਫੜਾਉਂਦਿਆਂ ਕਿਹਾ, 'ਭਰਾਵਾ! ਜਿਵੇਂ ਆਪਾਂ ਦੋਵੇਂ ਭਰਾਵਾਂ ਨੇ ਪਿਆਰ ਨਾਲ ਜ਼ਿੰਦਗੀ ਬਸਰ ਕੀਤੀ ਹੈ, ਉਵੇਂ ਹੀ ਮੇਰੀ ਮੌਤ ਤੋਂ ਬਾਅਦ ਮੇਰੇ ਪੁੱਤਰਾਂ ਦਾ ਧਿਆਨ ਰੱਖੀਂ। ਇਨ੍ਹਾਂ ਨੂੰ ਮੈਂ ਤੇਰੇ ਭਰੋਸੇ ਛੱਡ ਚੱਲਿਆ ਹਾਂ।' ਉਸ ਬਜ਼ੁਰਗ ਨੇ ਆਪਣੇ ਭਰਾ ਦੇ ਕਹਿਣ ਨੂੰ ਅਜਿਹਾ ਮਨ ਵਿੱਚ ਬਿਠਾਇਆ ਕਿ ਉਹ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਭਰਾ ਦੇ ਪੁੱਤਰਾਂ ਕੋਲ ਰਹਿੰਦਾ ਹੈ। ਉਸ ਦੇ ਭਤੀਜੇ ਵੀ ਉਸ ਨੂੰ ਪਿਉ ਦਾ ਦਰਜਾ ਦਿੰਦੇ ਹਨ। ਉਹ ਆਪਣੀ ਸਾਰੀ ਕਮਾਈ ਉਸ ਦੇ ਹਵਾਲੇ ਕਰਦੇ ਹਨ। ਆਪਣੇ ਬਚਪਨ ਨੂੰ ਯਾਦ ਕਰਦਿਆਂ ਮੈਨੂੰ ਯਾਦ ਹੈ ਕਿ ਸਾਡੀ ਭੈਣ ਭਰਾਵਾਂ ਦੀ ਮਾਂ ਤੋਂ ਵੱਧ ਸਾਂਝ ਦਾਦੀ ਨਾਲ ਹੁੰਦੀ ਸੀ। ਸਾਨੂੰ ਨਾਨਕਿਆਂ ਤੋਂ ਦਾਦਕੇ ਘਰ ਰਹਿਣਾ ਵੱਧ ਚੰਗਾ ਲੱਗਦਾ ਸੀ। ਸਾਨੂੰ ਆਪਣੇ ਤਾਏ-ਚਾਚਿਆਂ ਦੇ ਬੱਚਿਆਂ ਨਾਲ ਵੱਧ ਮੋਹ ਹੁੰਦਾ ਸੀ। ਤੇਰ ਮੇਰ ਦਾ ਸਾਨੂੰ ਪਤਾ ਹੀ ਨਹੀਂ ਸੀ। ਸਾਡੀ ਮਾਂ ਨੇ ਸਾਡੇ ਸਾਹਮਣੇ ਸਾਡੀ ਦਾਦੀ ਦੀ ਸਿਫਤ ਹੀ ਕੀਤੀ ਹੋਵੇਗੀ, ਚੁਗਲੀ ਨਹੀਂ। ਅਜੋਕੀ ਪੀੜ੍ਹੀ ਦੇ ਬੱਚੇ ਛੋਟੇ ਹੁੰਦਿਆਂ ਆਪਣੀ ਮਾਪਿਆਂ ਤੋਂ ਤੇਰ ਮੇਰ ਤੇ ਪਰਵਾਰ ਤੋਂ ਅੱਡ ਹੋਣ ਦਾ ਸਬਕ ਸਿੱਖ ਲੈਂਦੇ ਹਨ, ਕਿਉਂਕਿ ਮਾਪੇ ਉਨ੍ਹਾਂ ਸਾਹ-ਮਣੇ ਪਰਵਾਰਾਂ ਦੀਆਂ ਚੁਗਲੀਆਂ ਕਰਨ ਲੱਗ ਜਾਂਦੇ ਹਨ।

ਇਕ ਸੱਜਣ ਸਮੇਤ ਪਰਵਾਰ ਮੇਰੇ ਘਰ ਆਏ। ਉਨ੍ਹਾਂ ਦੀ ਪੰਜ ਛੇ ਸਾਲ ਦੀ ਬੇਟੀ ਬਾਰੇ ਮੈਂ ਉਨ੍ਹਾਂ ਨੂੰ ਪੁੱਛਿਆ, 'ਕਿਹੜੀ ਜਮਾਤ ਵਿੱਚ ਪੜ੍ਹਦੀ ਹੈ ਤੁਹਾਡੀ ਬੇਟੀ?' ਉਸ ਦੀ ਜਮਾਤ ਬਾਰੇ ਦੱਸ ਕੇ ਉਸ ਦੀ ਮਾਂ ਨੇ ਆਪਣੀ ਬੇਟੀ ਦੀਆਂ ਖੂਬੀਆਂ ਬਾਰੇ ਦੱਸਦਿਆਂ ਕਿਹਾ, 'ਭਰਾ ਜੀ! ਇਹ ਆਪਣੇ ਦਾਦਾ-ਦਾਦੀ ਦੀਆਂ ਨਕਲਾਂ ਬਹੁਤ ਸੋਹਣੀਆਂ ਲਾਉਂਦੀ ਹੈ।' ਮੈਂ ਉਸ ਦੀ ਗੱਲ ਸੁਣ ਕੇ ਸੋਚਿਆ ਕਿ ਕੱਲ੍ਹ ਨੂੰ ਆਪਣੇ ਸਹੁਰੇ ਘਰ ਜਾ ਕੇ ਸੱਸ ਸਹੁਰੇ ਦੀਆਂ ਨਕਲਾਂ ਵੀ ਲਾਏਗੀ। ਕਿੱਦਾਂ ਦੇ ਹਾਲਾਤ ਹੋਣਗੇ ਉਸ ਪਰਵਾਰ ਦੇ? ਇਹ ਹਕੀਕਤ ਹੈ ਕਿ ਜਿਹੋ ਜਿਹੇ ਸੰਸਕਾਰ ਅਸੀਂ ਬੱਚਿਆਂ ਨੂੰ ਦੇਵਾਂਗੇ, ਉਹ ਵੱਡੇ ਹੋ ਕੇ ਉਨ੍ਹਾਂ 'ਤੇ ਹੀ ਚੱਲਣਗੇ। ਜੇ ਉਨ੍ਹਾਂ ਨੂੰ ਚੰਗੀਆਂ ਗੱਲਾਂ ਸਿਖਾਈਆਂ ਜਾਣਗੀਆਂ ਤਾਂ ਉਹ ਵੱਡੇ ਹੋ ਕੇ ਸੁਚੱਜੇ ਢੰਗ ਨਾਲ ਜ਼ਿੰਦਗੀ ਜਿਊਣਗੇ। ਮਾੜੇ ਸੰਸਕਾਰ ਦੇਵਾਂਗੇ ਤਾਂ ਉਹ ਥਾਂ-ਥਾਂ ਬਦਖੋਈ ਹੀ ਕਰਵਾਉਣਗੇ।



















# ਕਾਂਗਰਸ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰੇ

-ਕਲਿਆਣੀ ਸ਼ੰਕਰ

ਕਾਂਗਰਸ ਪਾਰਟੀ ਸੰਕਟ ਦੀ ਇਸ ਘੜੀ ਵਿੱਚ ਸੋਨੀਆ ਗਾਂਧੀ ਨੂੰ ਆਪਣੇ ਪਾਰਲੀਮੈਂਟਰੀ ਪਾਰਟੀ ਦੀ ਫਿਰ ਨੇਤਾ ਚੁਣ ਕੇ ਉਨ੍ਹਾਂ ਦੀ ਅਜ਼ਮਾਈ ਹੋਈ ਲੀਡਰਸ਼ਿਪ ਵੱਲ ਪਰਤ ਆਈ ਹੈ। ਇਸ ਨੂੰ ਅਣਕਿਆਸਾ ਸੰਕਟ ਦੱਸ ਕੇ ਸੋਨੀਆ ਗਾਂਧੀ ਨੇ ਖੁਦ ਮੰਨਿਆ ਕਿ ਕਾਂਗਰਸ ਕਈ ਚੁਣੌਤੀਆਂ ਦਾ ਸਾਹ-ਮਣਾ ਕਰ ਰਹੀ ਹੈ। ਇਹ ਦਾਅਵਾ ਕਰਦਿਆਂ ਕਿ ਪਾਰਟੀ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਕਈ ਫੈਸਲਾਕੁੰਨ ਉਪਾਅ ਕੀਤੇ ਗਏ ਹਨ, ਸੋਨੀਆ ਨੇ ਸੰਕੇਤ ਦਿੱਤਾ ਹੈ ਕਿ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਬਣੇ ਰਹਿਣਗੇ। ਉਨ੍ਹਾਂ ਨੇ ਹਾਰ ਤੋਂ ਬਾਅਦ ਕਾਂਗਰਸ ਕਾਰਜ ਕਮੇਟੀ ਨੂੰ ਆਪਣਾ ਅਸਤੀਫਾ ਸੌਂਪਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਦਾ ਅਸਤੀਫਾ ਨਾਮਨਜ਼ੂਰ ਕਰ ਦਿੱਤਾ ਗਿਆ। ਇਹ ਸਾਫ ਹੈ ਕਿ ਨਾ ਕਾਂਗਰਸ ਪਾਰਟੀ ਗਾਂਧੀ ਪਰਵਾਰ ਨੂੰ ਛੱਡੇਗੀ ਅਤੇ ਨਾ ਇਹ ਪਰਵਾਰ 132 ਸਾਲ ਪੁਰਾਣੀ ਪਾਰਟੀ 'ਤੇ ਆਪਣਾ ਅਧਿਕਾਰ ਛੱਡੇਗਾ।

ਰਾਹੁਲ ਗਾਂਧੀ ਨੂੰ ਉਨ੍ਹਾਂ ਵਿਰੋਧੀ ਪਾਰਟੀਆਂ ਤੋਂ ਕੁਝ ਸਬਕ ਸਿੱਖਣੇ ਚਾਹੀਦੇ ਹਨ, ਜਿਨ੍ਹਾਂ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼ਰਮਨਾਕ ਸਥਿਤੀ ਦਾ ਸਾਹਮਣਾ ਕਰਨਾ ਪਿਆ। ਬਸਪਾ ਪ੍ਰਧਾਨ ਮਾਇਆਵਤੀ ਨੇ ਪਹਿਲਾਂ ਹੀ ਆਪਣੀ ਪਾਰਟੀ ਨੂੰ 2011 ਵਿੱਚ ਯੂ ਪੀ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਚੌਕਸ ਕਰ ਦਿੱਤਾ ਹੈ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਵੀ ਆਪਣੀ ਪਾਰਟੀ ਦੇ ਨੇਤਾਵਾਂ ਤੇ ਵਰਕਰਾਂ ਨੂੰ 2020 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰ ਰਹਿਣ ਵਾਸਤੇ ਕਿਹਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਿਧਾਨ ਸਭਾ ਚੋਣਾਂ ਦੀ ਤਿਆਰੀ ਦੇ ਸਿਲਸਿਲੇ ਵਿੱਚ ਸੜਕ ਪੱਧਰ ਦੀ ਲੜਾਈ ਸ਼ੁਰੂ ਕਰ ਦਿੱਤੀ ਹੈ। ਇਸ ਲਈ ਜੁਝਾਰੂ ਸਿਆ-ਸਤਦਾਨ ਸੋਗੀ ਬਣ ਕੇ ਨਹੀਂ ਬੈਠਣਗੇ, ਜਿਵੇਂ ਪਿਛਲੇ ਕੁਝ ਦਿਨਾਂ ਵਿੱਚ ਰਾਹੁਲ ਗਾਂਧੀ ਨੇ ਕੀਤਾ। ਜੇ ਫੌਜ ਦੇ ਜਰਨੈਲ ਦਾ ਹੀ ਮਨੋਬਲ ਡਿੱਗਿਆ ਹੋਵੇਗਾ ਤਾਂ ਪੈਦਲ ਜਵਾਨਾਂ ਦਾ ਕੀ ਬਣੇਗਾ।

ਬੀਤੇ ਸ਼ਨੀਵਾਰ ਰਾਹੁਲ ਗਾਂਧੀ ਦੀ ਪਾਰਟੀ ਪਾਰਲੀਮੈਂਟ ਮੈਂਬਰਾਂ ਨਾਲ ਉਤਸ਼ਾਹਤ ਕਰਨ ਵਾਲੀ ਗੱਲ ਨੇ ਇੱਕ ਸਹੀ ਸੰਕੇਤ ਦਿੱਤਾ ਹੈ ਕਿ ਪਾਰਟੀ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਜਵਾਬੀ ਹਮਲਾ ਕਰੇਗੀ ਅਤੇ ਇੱਕ ਜ਼ਿੰਮੇਵਾਰ ਆਪੋਜ਼ੀਸ਼ਨ ਲੀਡਰ ਤੋਂ ਇਹੋ ਆਸ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ "ਅਸੀਂ 52 ਪਾਰਲੀਮੈਂਟ ਮੈਂਬਰ ਹਾਂ। ਮੈਂ ਗਾਰੰਟੀ ਦਿੰਦਾ ਹਾਂ ਕਿ ਇਹ 52 ਮੈਂਬਰ ਭਾਜਪਾ ਵਿਰੁੱਧ ਹਰ ਇੰਚ 'ਤੇ ਲੜਨਗੇ। ਅਸੀਂ ਰੋਜ਼ਾਨਾ ਭਾਜਪਾ ਨੂੰ ਝਟਕਾ ਦੇਣ ਲਈ ਕਾਫੀ ਹਾਂ।"

ਇਹ ਕਰਨ ਲਈ ਰਾਹੁਲ ਨੂੰ ਰੋਜ਼ ਪਾਰਲੀਮੈਂਟ ਵਿੱਚ ਆਉਣਾ ਅਤੇ ਅੱਗੇ ਹੋ ਕੇ ਆਪਣੇ ਪਾਰਲੀਮੈਂਟ ਮੈਂਬਰਾਂ ਦੀ ਅਗਵਾਈ ਕਰਨੀ ਚਾਹੀਦੀ ਹੈ। ਹਾਲੇ ਤੱਕ ਉਹ ਪਾਰਲੀਮੈਂਟ ਵਿੱਚ ਕਦੇ-ਕਦਾਈਂ ਆਉਂਦੇ ਰਹੇ ਹਨ। ਜੇ ਜਨਸਭਾਵਾਂ ਅਤੇ ਰੈਲੀਆਂ ਕਿਸੇ ਨੇਤਾ ਨੂੰ ਲੋਕਾਂ ਦੇ ਸਿੱਧੇ ਸੰਪਰਕ ਵਿੱਚ ਲਿਆਉਂਦੀਆਂ ਹਨ ਤਾਂ ਪਾਰਲੀਮੈਂਟ ਉਹ ਥਾਂ ਹੈ, ਜਿੱਥੇ ਵਿਰੋਧੀ ਧਿਰ ਵਾਦ-ਵਿਵਾਦ ਅਤੇ ਚਰਚਾ ਦੇ ਜ਼ਰੀਏ ਸਰਕਾਰ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠ ਸਕਦੀ ਹੈ। ਸੋਨੀਆ ਗਾਂਧੀ ਨੇ ਆਸ ਪੂਰਨ ਤਰੀਕੇ ਨਾਲ ਭਵਿੱਖਬਾਣੀ ਕੀਤੀ ਸੀ ਕਿ 'ਇੱਕ ਅਣਕਿਆਸੇ ਸੰਕਟ 'ਚ ਇੱਕ ਅਣਕਿਆਸਾ ਮੌਕਾ ਹੁੰਦਾ ਹੈ, ਜੋ ਅੱਗੇ ਆਉਣ ਵਾਲੀਆਂ ਕਈ ਚੁਣੌਤੀਆਂ ਨਾਲ ਰੁਕਦਾ ਨਹੀਂ, ਅਸੀਂ ਫਿਰ ਉਠਾਂਗੇ।"

ਫਿਰ ਉਠਣ ਲਈ ਪਾਰਟੀ ਨੂੰ ਲੋੜ ਹੈ ਕਿ ਖੁਦ ਨੂੰ ਇੱਕ ਨਵੇਂ ਅੰਦਾਜ਼ 'ਚ ਪੇਸ਼ ਕਰੇ ਅਤੇ ਸੰਗਠਨ ਨੂੰ ਮਜ਼ਬੂਤ ਕਰੇ। ਰਾਹੁਲ ਗਾਂਧੀ ਦੀ ਪਹਿਲੀ ਚੁਣੌਤੀ ਇਹ ਦਿਖਾਉਣਾ ਹੈ ਕਿ ਕਾਂਗਰਸ ਚੱਲਿਆ ਹੋਇਆ ਕਾਰਤੂਸ ਨਹੀਂ, ਦੂਜਾ ਉਨ੍ਹਾਂ ਨੂੰ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਵੱਖ-ਵੱਖ ਮੁੱਦਿਆਂ 'ਤੇ ਪਾਰਲੀਮੈਂਟ ਵਿੱਚ ਸਾਂਝੀ ਕਾਰਵਾਈ ਕੀਤੀ ਜਾ ਸਕੇ। ਕਿਉਂਕਿ ਐੱਨ ਡੀ ਏ ਗੱਠਜੋੜ ਨੂੰ ਲੋਕ ਸਭਾ ਵਿੱਚ 352 ਸੀਟਾਂ ਮਿਲ ਗਈਆਂ ਹਨ, ਮੋਦੀ ਸਰਕਾਰ ਲਈ ਕੋਈ ਬਿੱਲ ਪਾਸ ਕਰਾਉਣ ਦੀ ਸਮੱਸਿਆ ਨਹੀਂ ਹੋਵੇਗੀ, ਪਰ ਇਥੇ ਹੀ ਕਾਂਗਰਸ ਅਤੇ ਹੋਰਨਾਂ ਵਿਰੋਧੀ ਪਾਰਟੀਆਂ ਨੂੰ ਚੌਕਸ ਰਹਿਣਾ ਪਵੇਗਾ। ਪ੍ਰਭਾਵਸ਼ਾਲੀ ਵਿਰੋਧੀ ਧਿਰ ਨੂੰ ਸੀਟਾਂ ਦੀ ਲੋੜ ਨਹੀਂ ਹੁੰਦੀ ਸਗੋਂ ਅਜਿਹੇ ਮੈਂਬਰਾਂ ਦੀ ਲੋੜ ਹੁੰਦੀ ਹੈ, ਜੋ ਪ੍ਰਭਾਵਸ਼ਾਲੀ ਢੰਗ ਨਾਲ ਮੁੱਦਿਆਂ ਨੂੰ ਉਠਾ ਸਕਣ। ਕੀ ਰਾਜੀਵ ਗਾਂਧੀ ਨੂੰ ਬੋਫਰਜ ਘਪਲੇ ਦੇ ਦਿਨਾਂ ਵਿੱਚ 415 ਮੈਂਬਰਾਂ ਦੇ ਜ਼ਬਰਦਸਤ ਬਹੁਮਤ ਦੇ ਬਾਵਜੂਦ ਪਾਰਲੀਮੈਂਟ ਵਿੱਚ ਮੁਸ਼ਕਲ ਸਥਿਤੀ ਦਾ ਸਾਹਮਣਾ ਕਰਨਾ ਨਹੀਂ ਪਿਆ ਸੀ।? ਮਧੂ ਦੰਡਵਤੇ, ਸੋਮਨਾਥ ਚੈਟਰਜੀ, ਇੰਦਰਜੀਤ ਗੁਪਤਾ, ਜੈਪਾਲ ਰੈੱਡੀ ਅਤੇ ਉਨੀਕ੍ਰਿਸ਼ਨਨ ਵਰਗੇ ਵਿਰੋਧੀ ਧਿਰ ਦੇ ਇੱਕ ਦਰਜਨ ਨੇਤਾਵਾਂ ਨੇ ਨਾ ਸਿਰਫ ਪ੍ਰਭਾਵਸ਼ਾਲੀ ਢੰਗ ਨਾਲ ਮੁੱਦਿਆਂ ਨੂੰ ਉਠਾਇਆ ਸਗੋਂ ਇਹ ਵੀ ਯਕੀਨੀ ਬਣਾਇਆ ਕਿ ਰਾਜੀਵ ਗਾਂਧੀ 1989 ਦੀਆਂ ਚੋਣਾਂ ਵਿੱਚ ਸੱਤਾ ਤੋਂ ਬਾਹਰ ਹੋ ਜਾਣ।

ਤੀਜਾ-ਕਾਂਗਰਸ ਨੂੰ ਬੀਜੂ ਜਨਤਾ ਦਲ, ਵਾਈ ਐੱਸ ਆਰ ਕਾਂਗਰਸ ਅਤੇ ਟੀ ਆਰ ਐੱਸ ਵਰਗੀਆਂ ਪਾਰਟੀਆਂ ਦਾ ਪਾਰਲੀਮੈਂਟ ਵਿੱਚ ਚਰਚਾ ਦੌਰਾਨ ਆਪਣੇ ਪੱਖ ਵਿੱਚ ਸਹਿਯੋਗ ਹਾਸਲ ਕਰ ਕੇ ਵਿਰੋਧੀ ਧਿਰ ਨੂੰ ਮਜ਼ਬੂਤ ਬਣਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

ਚੌਥਾ-ਭਾਰਤੀ ਪ੍ਰਣਾਲੀ 'ਚ ਸ਼ੈਡੋ ਮੰਤਰੀ ਮੰਡਲ ਦੀ ਵਿਵਸਥਾ ਨਹੀਂ ਹੈ, ਕਾਂਗਰਸ ਨੂੰ ਕੁਝ ਖੇਤਰਾਂ 'ਚ ਵਿਸ਼ੇਸਤਾ ਵਿਕਸਿਤ ਕਰ ਕੇ ਆਪਣੇ ਪਾਰਲੀਮੈਂਟ ਮੈਂਬਰਾਂ ਨੂੰ ਉਤਸ਼ਾਹਤ ਕਰਨ ਬਾਰੇ ਸੋਚਣਾ ਚਾਹੀਦਾ ਹੈ, ਜੋ ਪਾਰਟੀ ਦੇ ਕੰਮ ਆ ਸਕਣ। ਆਖਰ ਵਿੱਚ ਪਾਰਟੀ ਨੂੰ ਵਰਤਮਾਨ ਵਿੱਚ ਰਹਿਣਾ ਚਾਹੀਦਾ ਹੈ, ਆਪਣੇ ਅਤੀਤ ਦੇ ਮਾਣ ਵਿੱਚ ਨਹੀਂ, ਕਿਉਂਕਿ ਕੋਈ ਵੀ ਵਿਰਾਸਤ ਹਮੇਸ਼ਾ ਲਈ ਨਹੀਂ ਰਹਿ ਸਕਦੀ, ਚਾਹੇ ਉਹ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ। ਵਿਰੋਧੀ ਧਿਰ ਦਾ ਕੰਮ ਸਰਕਾਰ ਦੇ ਹਰ ਫੈਸਲੇ ਦੀ ਆਲੋਚਨਾ ਕਰਨਾ ਨਹੀਂ, ਲੋਕ ਹਿੱਤ ਦੇ ਮੁੱਦਿਆਂ ਦਾ ਸਮਰਥਨ ਕਰਨਾ ਹੈ। ਪਾਰਲੀਮੈਂਟ ਦਾ ਬਾਈਕਾਟ ਕਰਨਾ, ਕਾਰਵਾਈ ਵਿੱਚ ਵਿਘਨ ਪਾਉਣਾ ਅਤੇ ਸੜਕਾਂ 'ਤੇ ਧਰਨੇ ਦੇਣਾ ਕਾਫੀ ਨਹੀਂ। ਚੋਣਾਂ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਨਰਿੰਦਰ ਮੋਦੀ ਨੂੰ ਭੰਡਣ ਦੇ ਦਿਨ ਲੱਦ ਗਏ ਹਨ ਅਤੇ ਇਹ ਸਮਾਂ ਅੱਗੇ ਦੇਖਣ ਦਾ ਹੈ।

ਜਿਸ ਤਰ੍ਹਾਂ ਭਾਜਪਾ ਵਿਕਾਸ ਕਰ ਰਹੀ ਹੈ, ਧਰਮ ਨਿਰਪੱਖਤਾ/ ਕੱਟੜਵਾਦ ਦੇ ਵਿਚਾਰਾਂ ਦਾ ਕੋਈ ਮਹੱਤਵ ਨਹੀਂ। ਕਾਂਗਰਸ ਨੂੰ ਲੋੜ ਹੈ ਆਪਣੀ ਨਵੀਂ ਪਛਾਣ, ਆਕਰਸ਼ਣ ਨੂੰ ਲੱਭਣ ਅਤੇ ਨਵੀਂ ਸਕ੍ਰਿਪਟ ਦੀ। ਆਖਿਰ 2024 'ਚ ਹੋਣ ਵਾਲੀਆਂ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ ਇਸ ਨੂੰ ਬਹੁਤ ਸਾਰੀਆਂ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰਨਾ ਪੈਣਾ ਹੈ। ਕਾਂਗਰਸ ਭਰੋਸੇਯੋਗ ਆਪੋਜ਼ੀਸ਼ਨ ਬਣ ਸਕਦੀ ਹੈ, ਜੋ ਭਾਰਤੀ ਲੋਕਤੰਤਰ ਲਈ ਅਹਿਮ ਹੈ ਕਿਉਂਕਿ ਆਪਣੀਆਂ ਹਾਰਾਂ ਦੇ ਬਾਵਜੂਦ ਇਹ ਅਜੇ ਵੀ ਇੱਕੋ-ਇੱਕ ਅਜਿਹੀ ਸਿਆਸ ਹੋਈ ਹੈ, ਜੋ ਭਾਜਪਾ ਦੀ ਲਹਿਰ ਦੀ ਬਰਾਬਰੀ ਕਰ ਸਕਦੀ ਹੈ। ਕਾਂਗਰਸ ਨੂੰ ਮਿਲ ਕੇ ਕੰਮ ਕਰਨ ਵਾਲੀ ਵਿਰੋਧੀ ਧਿਰ ਬਣਾਉਣ ਦੀ ਦਿਸ਼ਾ ਵਿੱਚ ਯਤਨ ਕਰਨੇ ਚਾਹੀਦੇ ਹਨ ਤੇ ਨਰਿੰਦਰ ਮੋਦੀ ਵੱਲੋਂ ਪ੍ਰਧਾਨ ਮੰਤਰੀ ਵਜੋਂ ਦਿੱਤੇ ਭਾਸ਼ਣ ਵਿੱਚ ਕਹੀ ਇਸ ਗੱਲ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ "ਇਨ੍ਹਾਂ ਚੋਣਾਂ 'ਚ ਅਤੀਤ 'ਚ ਜੋ ਵੀ ਹੋਇਆ, ਸਾਨੂੰ ਅੱਗੇ ਦੇਖਣਾ ਪਵੇਗਾ। ਅਸੀਂ ਆਪਣੇ ਕੱਟੜ ਵਿਰੋਧੀਆਂ ਸਮੇਤ ਸਭ ਨੂੰ ਅੱਗੇ ਲੈ ਕੇ ਜਾਣਾ ਹੈ।" ਜੇ ਉਹ ਅਗਾਂਹ ਵੱਲ ਦੇਖ ਰਹੇ ਹਨ ਤਾਂ ਵਿਰੋਧੀ ਧਿਰ ਨੂੰ ਵੀ ਅੱਗੇ ਦੇਖਣਾ ਚਾਹੀਦਾ ਹੈ। ਆਖਿਰ ਵਿਰੋਧੀ ਧਿਰ ਦੀ ਭੂਮਿਕਾ ਵੀ ਓਨੀ ਹੀ ਅਹਿਮ ਹੈ, ਜਿੰਨੀ ਕਿ ਸੱਤਾਧਾਰੀ ਪਾਰਟੀ ਦੀ।

## ਰਸੋਈ

### ਗੁੜ ਅਤੇ ਆਟੇ ਦੀ ਮਟਰੀ

ਸਮੱਗਰੀ-ਗੁੜ 150 ਗਰਾਮ, ਪਾਣੀ 110 ਮਿਲੀਲੀਟਰ, ਕਣਕ ਦਾ ਆਟਾ 400 ਗਰਾਮ, ਘਿਓ 60 ਗਰਾਮ, ਤਿਲ ਦੇ ਬੀਜ 30 ਗਰਾਮ, ਤੇਲ ਤਲਣ ਲਈ।

ਬਣਾਉਣ ਦੀ ਵਿਧੀ- ਸਭ ਤੋਂ ਪਹਿਲਾਂ ਪੈਨ 'ਚ 150 ਗਰਾਮ ਗੁੜ, 110 ਮਿਲੀਲੀਟਰ ਪਾਣੀ ਪਾ ਕੇ ਇਸ ਨੂੰ ਪੂਰੀ ਤਰ੍ਹਾਂ ਘੁਲਣ ਤੱਕ ਗਰਮ ਕਰੋ ਅਤੇ ਇੱਕ ਪਾਸੇ ਰੱਖ ਦਿਓ। ਬਾਊਲ ਵਿੱਚ 400 ਗਰਾਮ ਕਣਕ ਦਾ ਆਟਾ, 60 ਗਰਾਮ ਘਿਓ, 30 ਗਰਾਮ ਤਿਲ ਦੇ ਬੀਜ ਲੈ ਕੇ ਨਰਮ ਆਟੇ ਵਾਂਗ ਗੁੰਨ੍ਹ ਲਓ ਅਤੇ 20 ਤੋਂ 25 ਮਿੰਟ ਲਈ ਇੱਕ ਪਾਸੇ ਰੱਖ ਦਿਓ। ਹੁਣ ਆਟੇ ਨੂੰ ਬਾਲ ਦੇ ਆਕਾਰ 'ਚ ਗੋਲ ਕਰ ਕੇ ਇਸ ਨੂੰ ਮੋਟੀ ਰੋਟੀ ਵਾਂਗ ਵੇਲ ਲਓ। ਰੋਟੀ 'ਚੋਂ ਸਰਕਲ ਮੋਲਡ ਨਾਲ ਦਬਾ ਕੇ ਛੋਟੇ ਗੋਲ ਆਕਾਰ ਦੇ ਟੁਕੜੇ ਕੱਢੋ। ਫਿਰ ਕੜਾਹੀ ਵਿੱਚ ਤੇਲ ਗਰਮ ਕਰ ਕੇ ਇਸ ਨੂੰ ਸੁਨਹਿਰੀ ਭੂਰਾ ਅਤੇ ਕੁਰਕੁਰਾ ਹੋਣ ਤੱਕ ਫਰਾਈ ਕਰੋ। ਗੁੜ ਅਤੇ ਆਟੇ ਦੀ ਮਟਰੀ ਬਣ ਕੇ ਤਿਆਰ ਹੈ। ਹੁਣ ਇਸ ਨੂੰ ਸਰਵ ਕਰੋ ਜਾਂ ਫਿਰ ਠੰਢਾ ਹੋਣ 'ਤੇ ਏਅਰਟਾਈਟ ਕੰਟੇਨਰ ਵਿੱਚ ਰੱਖੋ।









# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਹੋਂਦ ਕਾਇਮ ਰੱਖਣ ਦੇ ਸੰਕਟ ਨਾਲ ਜੂਝਦੀ ਹੋਈ ਕਾਂਗਰਸ ਪਾਰਟੀ



ਜਤਿੰਦਰ ਪੰਨੂ

ਉਹ ਦਿਨ ਭਾਰਤ ਦੇ ਲੋਕਾਂ ਨੂੰ ਅਜੇ ਤੱਕ ਪੂਰੀ ਤਰ੍ਹਾਂ ਯਾਦ ਹੋਣਗੇ, ਜਦੋਂ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਪਿੱਛੋਂ ਨਰਿੰਦਰ ਮੋਦੀ ਨੇ ਇਹ ਕਿਹਾ ਸੀ ਕਿ ਮੇਰਾ ਮਿਸ਼ਨ ਸਿਰਫ ਪ੍ਰਧਾਨ ਮੰਤਰੀ ਬਣਨਾ ਨਹੀਂ, ਭਾਰਤ ਨੂੰ 'ਕਾਂਗਰਸ ਮੁਕਤ' ਦੇਸ਼ ਬਣਾਉਣ ਤੱਕ ਜਾਂਦਾ ਹੈ। ਕਾਂਗਰਸ ਲੀਡਰਾਂ ਨੇ ਓਦੋਂ ਜਵਾਬ ਵਿੱਚ ਆਖਿਆ ਸੀ ਕਿ ਕਾਂਗਰਸ ਨੂੰ ਖਤਮ ਕਰਨ ਦੇ ਸੁਫਨੇ ਲੈਣ ਵਾਲੇ ਕਈ ਆਏ ਤੇ ਚੱਲਦੇ ਬਣੇ, ਕਾਂਗਰਸ ਅੱਜ ਵੀ ਕਾਇਮ ਹੈ ਤੇ ਅੱਗੋਂ ਵੀ ਰਹੇਗੀ। ਫਿਰ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ। ਅਗਲੇ ਦਿਨਾਂ ਵਿੱਚ ਲਗਭਗ ਹਰ ਰਾਜ ਤੋਂ ਖਬਰਾਂ ਆਉਣ ਲੱਗ ਪਈਆਂ ਕਿ ਕਾਂਗਰਸੀ ਆਗੂ ਇਸ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਈ ਜਾ ਰਹੇ ਹਨ। ਅਸੀਂ ਓਦੋਂ ਇਹ ਗੱਲ ਲਿਖੀ ਸੀ ਕਿ ਹਿੰਦੀ ਦੇ ਦੋ ਸ਼ਬਦ 'ਮੁਕਤ' ਅਤੇ 'ਯੁਕਤ' ਇੱਕੋ ਜਿਹੀ ਧੁਨੀ ਵਾਲੇ ਹਨ ਅਤੇ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਨੂੰ 'ਕਾਂਗਰਸ ਮੁਕਤ' ਕਰਨ ਦਾ ਨਾਅਰਾ ਦੇ ਕੇ ਅੱਗੇ ਆਇਆ, ਪਰ ਅਮਲ ਵਿੱਚ ਭਾਜਪਾ ਨੂੰ 'ਕਾਂਗਰਸ ਯੁਕਤ' ਕਰਨ ਦੇ ਰਾਹ ਪੈ ਗਿਆ ਹੈ। 'ਯੁਕਤ' ਦਾ ਮਤਲਬ ਹੁੰਦਾ ਹੈ ਕਿ ਇਸ ਚੀਜ਼ ਦੇ ਵਿੱਚ ਦੂਸਰੀ ਚੀਜ਼ ਵੀ ਸ਼ਾਮਲ ਹੈ। ਕਈਆਂ ਰਾਜਾਂ ਦੇ ਸਾਬਕਾ ਮੰਤਰੀ ਹੀ ਨਹੀਂ, ਮੌਜੂਦਾ ਮੰਤਰੀ ਵੀ ਪਾਰਟੀ ਛੱਡਣ ਤੇ ਭਾਜਪਾ ਵਿੱਚ ਜਾਣ ਲੱਗ ਪਏ ਸਨ ਅਤੇ ਅੱਜ ਕਈ ਰਾਜਾਂ ਦੇ ਭਾਜਪਾ ਮੁੱਖ ਮੰਤਰੀ ਓਦੋਂ ਕਾਂਗਰਸ ਵਿੱਚੋਂ ਆਏ ਹੋਏ ਹਨ। ਅਰੁਣਾਚਲ ਪ੍ਰਦੇਸ਼ ਦਾ ਅਜੋਕਾ ਭਾਜਪਾ ਮੁੱਖ ਮੰਤਰੀ ਪੇਮਾ ਖਾਂਡੂ ਪਹਿਲਾਂ ਕਾਂਗਰਸ ਪਾਰਟੀ ਵੱਲੋਂ ਮੁੱਖ ਮੰਤਰੀ ਰਹਿ ਚੁੱਕਾ ਹੈ ਤੇ ਮਨੀਪੁਰ ਦਾ ਭਾਜਪਾ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਵੀ ਪਹਿਲਾਂ ਕਾਂਗਰਸ ਨੇ ਮੰਤਰੀ ਬਣਾਇਆ ਸੀ। ਕਈ ਰਾਜਾਂ ਵਿੱਚ ਇਹੋ ਜਿਹੇ ਸਾਬਕਾ ਕਾਂਗਰਸੀ ਇਸ ਵੇਲੇ ਭਾਜਪਾ ਦੀਆਂ ਸਰਕਾਰਾਂ ਵਿੱਚ ਮੰਤਰੀ ਬਣੇ ਮਿਲ ਜਾਣਗੇ।

ਦਸ ਸਾਲ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਜਿਹੜੀ ਸਰਕਾਰ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੇ ਵੱਖਰੀ ਕੋਠੀ ਵਿੱਚੋਂ ਰਿਮੋਟ ਬਟਨ ਨਾਲ ਚਲਾਈ ਸੀ, ਉਸ ਦੌਰਾਨ ਹੋਏ ਸਿਖਰਾਂ ਦੇ ਭ੍ਰਿਸ਼ਟਾਚਾਰ ਨਾਲ ਇਹ ਪਾਰਟੀ ਆਪ ਤਾਂ ਡੁੱਬੀ ਹੀ, ਦੇਸ਼ ਦੀ ਧਰਮ ਨਿਰਪੱਖਤਾ ਨੂੰ ਵੱਡੀ ਢਾਹ ਲੱਗਣ ਦਾ ਕਾਰਨ ਵੀ ਬਣ ਗਈ ਸੀ। ਜਦੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਿਛਲੀ ਵਾਰੀ ਭਾਜਪਾ ਦੋ ਸੌ ਬਿਆਸੀ ਸੀਟਾਂ ਜਿੱਤ ਕੇ ਪਹਿਲੀ ਵਾਰੀ ਪਾਰਲੀਮੈਂਟ ਵਿੱਚ ਕਿਸੇ ਦੇ ਸਹਾਰੇ ਬਿਨਾਂ ਰਾਜ ਕਰਨ ਜੋਗੀ ਹੋ ਗਈ, ਓਦੋਂ ਕਾਂਗਰਸ ਲੀਡਰਸ਼ਿਪ ਨੂੰ ਕੁਝ ਸੋਚਣਾ ਚਾਹੀਦਾ ਸੀ। ਉਹ ਵਹਿਮ ਦਾ ਸ਼ਿਕਾਰ ਹੋ ਕੇ ਇਹੀ ਸੋਚਦੇ ਰਹੇ ਕਿ ਇੱਕੋ ਵਾਰੀ ਭਾਜਪਾ ਜਿੱਤਣ ਨਾਲ ਲੋਕਾਂ ਦਾ ਮਨ ਉਚਾਟ ਹੋ ਜਾਣਾ ਹੈ, ਫਿਰ ਸਾਥੋਂ ਬਿਨਾਂ ਕੋਈ ਹੋਰ ਹੈ ਹੀ ਨਹੀਂ, ਜਿਸ ਨੂੰ ਦੇਸ਼ ਦੀ ਵਾਗ ਸੌਂਪੀ ਜਾ ਸਕੇ। ਉਹ ਲੋਕਾਂ ਵਿੱਚ ਕੰਮ ਕਰਨ ਦੀ ਥਾਂ ਪਾਰਟੀ ਦੀ ਹਾਈ ਕਮਾਨ ਵਿੱਚ ਇਹ ਪਿਆਦੇ ਫਿੱਟ ਕਰਨ ਲੱਗੇ ਰਹੇ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੇਰੇ ਹੱਥ ਫਲਾਣਾ ਰਾਜ ਆ ਜਾਵੇ ਤੇ ਫਲਾਣੀ ਪਾਰਲੀਮੈਂਟ ਸੀਟ ਮੈਂ ਆਪਣੇ ਪਰਵਾਰ ਦੇ ਫਲਾਣੇ ਜੀਅ ਲਈ ਤਿਆਰ ਕਰ ਲਵਾਂ। ਜਿਹੜੇ ਕਿਸੇ ਨੂੰ ਮੁੱਖ ਮੰਤਰੀ ਬਣਨ ਦਾ ਮੌਕਾ ਨਸੀਬ



ਹੋ ਗਿਆ, ਉਹ ਪਾਰਟੀ ਹਾਈ ਕਮਾਨ ਨੂੰ ਵੀ ਟਿੱਚ ਜਾਣਨ ਲੱਗ ਪਿਆ ਤੇ ਹਾਈ ਕਮਾਨ ਹੌਲੀ-ਹੌਲੀ ਇਸ 'ਹਾਈ' ਵਾਲੇ ਰੁਤਬੇ ਤੋਂ 'ਲੋਅ' ਹੁੰਦੀ ਚਲੀ ਗਈ। ਤਾਜ਼ਾ ਪਾਰਲੀਮੈਂਟ ਚੋਣਾਂ ਦੀ ਹਾਰ ਤੋਂ ਬਾਅਦ ਪਾਰਟੀ ਦੇ ਬਹੁਤੇ ਲੀਡਰ ਇਸ ਹਕੀਕਤ ਨੂੰ ਮੰਨਦੇ ਹਨ, ਪਰ ਆਪਣੀ ਪਾਰਟੀ ਨੂੰ ਮੁੜ ਕੇ ਖੜੀ ਕਰਨ ਦੇ ਲਈ ਜ਼ੋਰ ਲਾਉਣ ਦੀ ਥਾਂ ਮਰਨੇ ਪਈ ਹੋਈ ਪਾਰਟੀ ਦੀ ਸਫ ਉੱਤੇ ਵੀ ਆਪਣੀ ਚੌਧਰ ਭਾਲਦੇ ਹਨ। ਨਤੀਜਾ ਇਹ ਹੈ ਕਿ ਕਾਂਗਰਸ ਪਾਰਟੀ ਇਨ੍ਹਾਂ ਚੋਣਾਂ ਦੇ ਬਾਅਦ ਲੱਗਭਗ ਹਰ ਇੱਕ ਰਾਜ ਵਿੱਚ ਬੜੀ ਬੁਰੀ ਤਰ੍ਹਾਂ ਪਾਟਕ ਦਾ ਸ਼ਿਕਾਰ ਹੋਈ ਪਈ ਹੈ।

ਅਸੀਂ ਪਿਛਲੇ ਦਿਨੀਂ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਟਕਰਾਅ ਦੀ ਸਥਿਤੀ ਪੰਜਾਬ ਵਿੱਚ ਵੇਖੀ ਹੈ। ਰਾਜਸਥਾਨ ਤੋਂ ਪੰਝੀ ਦੀਆਂ ਪੰਝੀ ਸੀਟਾਂ ਹਾਰ ਜਾਣ ਮਗਰੋਂ ਡਿਪਟੀ ਮੁੱਖ ਮੰਤਰੀ ਸਚਿਨ ਪਾਇਲਟ ਨੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਦੀ ਕੁਰਸੀ ਖੋਹਣ ਦੀ ਮੁਹਿੰਮ ਵਿੱਢ ਦਿੱਤੀ ਹੈ। ਇਹੋ ਲੜਾਈ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਕਾਂਗਰਸੀ ਸਰਕਾਰ ਵਾਲੇ ਰਾਜਾਂ ਤੋਂ ਤੁਰਦੀ ਮਰਨੇ ਪਈ ਹਾਲਤ ਵਾਲੇ ਉੱਤਰ ਪ੍ਰਦੇਸ਼, ਮਹਾਰਾਸ਼ਟਰ ਤੇ ਨਿਤਾਣੀ ਹਾਲਤ ਵਾਲੀ ਪੱਛਮੀ ਬੰਗਾਲ ਕਾਂਗਰਸ ਦੇ ਦਫਤਰ ਤੱਕ ਜਾ ਪਹੁੰਚੀ ਹੈ। ਹਰਿਆਣਾ ਕਾਂਗਰਸ ਕਮੇਟੀ ਜਦੋਂ ਲੋਕ ਸਭਾ ਚੋਣਾਂ ਵਿੱਚ ਹਾਰ ਬਾਰੇ ਵਿਚਾਰ ਕਰਨ ਬੈਠੀ ਤਾਂ ਕੁਝ ਲੀਡਰਾਂ ਨੇ ਮੌਜੂਦਾ ਪ੍ਰਧਾਨ ਦੇ ਖਿਲਾਫ ਏਦਾਂ ਦਾ ਹੰਗਾਮਾ ਕੀਤਾ ਕਿ ਅੱਕ ਕੇ ਉਹ ਵੀ ਅੱਗੋਂ ਇਹ ਕਹਿਣ ਲੱਗ ਪਿਆ ਕਿ ਫਿਰ ਮੈਨੂੰ ਗੋਲੀ ਮਾਰ ਦਿਓ। ਦਿੱਲੀ ਕਾਂਗਰਸ ਪਾਰਟੀ ਦਾ ਭੱਠਾ ਵੀ ਪਾਰਟੀ ਦੀ ਆਪਸੀ ਖਾਨਾਜੰਗੀ ਅਤੇ ਖਾਸ ਤੌਰ ਉੱਤੇ ਇੱਕ ਸਾਬਕਾ ਮੁੱਖ ਮੰਤਰੀ ਬੀਬੀ ਦੇ ਜ਼ਿੱਦੀਪੁਣੇ ਕਾਰਨ ਬੈਠਾ ਦੱਸਿਆ ਜਾਂਦਾ ਹੈ। ਹਰ ਪਾਸੇ ਆਪਸੀ ਟਕਰਾਅ ਦਾ ਮਾਹੌਲ ਹੈ ਤੇ ਆਖਰ ਵਿੱਚ ਏਨੀ ਗੱਲ ਹਰ ਆਗੂ ਕਹਿ ਦੇਂਦਾ ਹੈ ਕਿ ਉਹ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਦਾ ਹੁਕਮ ਮੰਨਣਗੇ। ਉਹ ਦੋਵੇਂ ਭੈਣ-ਭਰਾ ਕਿਸੇ ਆਗੂ ਨੂੰ ਹੁਕਮ ਦੇਣ ਜੋਗੇ ਰਹਿ ਨਹੀਂ ਗਏ ਅਤੇ ਰਹਿਣਾ ਵੀ ਨਹੀਂ ਚਾਹੁੰਦੇ ਲੱਗਦੇ, ਕਿਉਂਕਿ ਲੀਡਰਾਂ ਦੇ ਪਾਏ ਹੋਏ ਹਰ ਕਿਸੇ ਪੁਆੜੇ ਦੇ ਬਾਅਦ ਬਦਨਾਮੀ ਉਨ੍ਹਾਂ ਨੂੰ ਝੱਲਣੀ ਪੈਂਦੀ ਹੈ ਤੇ ਲੀਡਰ ਫਿਰ ਲੀਡਰ ਬਣੇ ਰਹਿੰਦੇ ਹਨ।

ਉਹ ਦਿਨ ਬਹੁਤ ਪਿੱਛੇ ਰਹਿ ਗਏ ਹਨ, ਜਦੋਂ ਕਾਂਗਰਸ ਪਾਰਟੀ ਭਾਰਤ ਦੇਸ਼ ਦੀ ਆਜ਼ਾਦੀ ਲਹਿਰ ਦੀ ਅਗਵਾਈ ਦਾ ਦਾਅਵਾ ਕਰ ਕੇ ਉਸ ਦਾ ਖੱਟਿਆ ਖਾਂਦੀ ਹੁੰਦੀ ਸੀ। ਇਸ ਵੇਲੇ ਉਸ ਦੌਰ ਦੀ ਕਾਂਗਰਸ ਦੀ ਅਗਵਾਈ ਵੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ ਤੇ ਉਸ ਦੌਰ ਦੇ ਵੱਡੇ ਆਗੂ ਮਹਾਤਮਾ ਗਾਂਧੀ ਦੀ ਫੋਟੋ ਕਰੰਸੀ ਨੋਟਾਂ ਤੋਂ ਲਾਹੁਣ ਦੀਆਂ ਸੁਰਾਂ ਦੇ ਨਾਲ ਉਸ ਦੇ ਕਾਤਲ ਨੱਥੂ ਰਾਮ ਗੌਡਸੇ ਨੂੰ ਦੇਸ਼ ਭਗਤ ਕਹਿਣ ਤੇ ਵਡਿਆਉਣ ਦਾ ਚੱਕਰ ਚੱਲ ਪਿਆ ਹੈ। ਜਦੋਂ ਭਾਜਪਾ ਆਗੂ ਨਰਿੰਦਰ ਮੋਦੀ ਨੇ ਕੇਂਦਰ ਦੀ ਸੱਤਾ ਸੰਭਾਲੀ ਸੀ, ਓਦੋਂ ਪਹਿਲੀ ਵਾਰੀ ਕੇਰਲਾ ਦੇ ਭਾਜਪਾ ਦੇ ਮੈਗਜ਼ੀਨ ਵਿੱਚ ਇਹੋ ਜਿਹਾ ਲੇਖ ਛਪਿਆ ਸੀ ਕਿ ਨੱਥੂ ਰਾਮ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਗੋਲੀ ਮਾਰ ਕੇ ਗਲਤ ਕੀਤਾ, ਜਵਾਹਰ ਲਾਲ ਨਹਿਰੂ ਨੂੰ ਗੋਲੀ ਮਾਰਨੀ ਚਾਹੀਦੀ ਸੀ। ਭਾਜਪਾ ਨੇ ਸਿਰਫ ਏਨਾ ਕਿਹਾ ਸੀ ਕਿ ਲੇਖ ਸਾਡੇ ਮੈਗਜ਼ੀਨ ਨੇ ਜ਼ਰੂਰ ਛਾਪਿਆ ਹੈ, ਪਰ ਇਹ ਵਿਚਾਰ ਪਾਰਟੀ ਦੇ ਨਹੀਂ, ਲੇਖਕ ਦੇ ਆਪਣੇ ਹਨ, ਜਦ ਕਿ ਲੇਖਕ ਵੀ ਪਾਰਟੀ ਲੀਡਰ ਸੀ। ਅੱਜ ਕੋਈ ਓਹਲਾ ਰੱਖੇ ਬਿਨਾਂ ਮਹਾਤਮਾ ਗਾਂਧੀ ਦੇ ਕਤਲ ਨੂੰ ਵੀ ਜਾਇਜ਼ ਠਾਹਿਰਾਇਆ ਜਾਣ ਲੱਗਾ ਹੈ ਅਤੇ ਪਿਛਲੇਰੇ ਸਾਲ ਬਣਾਈ ਗਈ ਨਾਮ-ਨਿਹਾਦ ਹਿੰਦੂ ਹਾਈ ਕੋਰਟ ਦੀ ਮੁਖੀ ਪੂਜਾ ਸ਼ਕੁਨ ਪਾਂਡੇ ਨਾਂਅ ਵਾਲੀ ਬੀਬੀ ਨੇ ਗਾਂਧੀ ਦੇ ਪੁਤਲੇ ਉੱਤੇ ਸਰੇਆਮ ਗੋਲੀਆਂ ਦਾਗਣ ਦਾ ਕੰਮ ਵੀ ਕਰਨ ਤੋਂ ਝਿਜਕ ਨਹੀਂ ਵਿਖਾਈ। ਭਾਜਪਾ ਲੀਡਰਾਂ ਨੇ ਕਿਹਾ ਸੀ ਕਿ ਸਾਡਾ ਉਸ ਬੀਬੀ ਨਾਲ ਕੋਈ ਸੰਬੰਧ ਨਹੀਂ, ਪਰ ਸੋਸ਼ਲ ਮੀਡੀਆ ਉਸ ਬੀਬੀ ਦੇ ਨਾਲ ਭਾਜਪਾ ਲੀਡਰਾਂ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ।

ਇਹ ਦੌਰ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਲਈ ਸਿਰ ਵਿੱਚ ਠੰਢਾ ਪਾਣੀ ਪਾ ਕੇ ਸੋਚਣ ਦਾ ਹੈ, ਜਦੋਂ ਭਾਰਤ ਨੂੰ 'ਕਾਂਗਰਸ ਮੁਕਤ' ਕਰਨ ਦਾ ਨਾਅਰਾ ਦੇਣ ਵਾਲੇ ਨਰਿੰਦਰ ਮੋਦੀ ਨੂੰ ਕੁਝ ਕਰਨ ਦੀ ਲੋੜ ਨਹੀਂ, ਕਾਂਗਰਸ ਦੇ ਆਗੂ ਖੁਦ ਇਹ ਕੰਮ ਕਰਨ ਰੁੱਝੇ ਜਾਪਦੇ ਹਨ। ਕਾਂਗਰਸ ਇਸ ਵਕਤ ਹੋਂਦ ਕਾਇਮ ਰੱਖਣ ਦੀ ਜਿਹੜੀ ਲੜਾਈ ਲੜ ਰਹੀ ਹੈ, ਉਸ ਵਿੱਚ ਹੋਰ ਕੁਝ ਵੀ ਕਰਨੋਂ ਪਹਿਲਾਂ ਉਸ ਨੂੰ ਆਪਣੇ ਅੰਦਰ ਦੀ ਸਫਾਈ ਕਰਨੀ ਪੈਣੀ ਹੈ। ਰਾਹੁਲ ਗਾਂਧੀ ਇਸ ਕੰਮ ਲਈ ਯੋਗ ਵਿਅਕਤੀ ਨਹੀਂ ਤੇ ਇਕੱਲਾ ਉਹ ਕੁਝ ਕਰਨ ਜੋਗਾ ਹੋ ਜਾਵੇਗਾ, ਇਹ ਗੱਲ ਸੋਚੀ ਤੱਕ ਨਹੀਂ ਜਾ ਸਕਦੀ, ਪਰ ਹੋਰ ਉਸ ਨਾਲ ਖੜੋਵੇਗਾ ਕੌਣ, ਕੋਈ ਦਿੱਸਦਾ ਵੀ ਨਹੀਂ। ਬਹੁਤ ਹੀ ਔਝੜ ਦੇ ਦੌਰ ਤੋਂ ਲੰਘ ਰਹੀ ਹੈ ਕਾਂਗਰਸ ਪਾਰਟੀ।

10 ਜੂਨ 45ਵੀਂ ਬਰਸੀ ਮੌਕੇ 'ਤੇ ਵਿਸ਼ੇਸ਼

# ਦ੍ਰਿੜਤਾ ਤੇ ਦੇਸ਼ ਭਗਤੀ ਦਾ ਮਜੱਸਮਾ ਸਨ: ਗਿਆਨੀ ਕਰਤਾਰ ਸਿੰਘ



ਹਰਦੀਪ ਸਿੰਘ ਝੱਜ
ਪਿੰਡ ਤੇ ਡਾਕ: ਭਨਾਮ, ਤਹਿ: ਨੰਗਲ ਡੈਮ ਜਿਲ੍ਹਾ ਰੋਪੜ (ਪੰਜਾਬ)
ਸੰਪਰਕ: 94633-64992

ਅੱਜ ਕੁਰਬਾਨੀ ਦੇ ਪੁੰਜ ਗਿਆਨੀ ਕਰਤਾਰ ਸਿੰਘ ਦੀ 45ਵੀਂ ਬਰਸੀ ਮਨਾਈ ਜਾ ਰਹੀ ਹੈ। 20ਵੀਂ ਸਦੀ ਦੇ ਪੰਜਾਬ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੇ ਇਤਿਹਾਸ ਵਿੱਚ ਗਿਆਨੀ ਕਰਤਾਰ ਸਿੰਘ ਦਾ ਮਹੱਤਵਪੂਰਣ ਯੋਗਦਾਨ ਹੈ। ਸਿੱਖ ਰਾਜਨੀਤੀ 'ਚ ਜੇਕਰ ਗਿਆਨੀ ਜੀ ਦਾ ਨਾਮ ਨਾਂ ਲਿਆ ਜਾਵੇ ਤਾਂ ਪੰਜਾਬ ਦੀ ਸਿਆਸਤ ਦਾ ਦਾ ਅਧਿਆਏ ਅਧੂਰਾ ਹੀ ਰਹਿ ਜਾਂਦਾ ਹੈ। ਉਨ੍ਹਾਂ ਦਾ ਜਨਮ 22 ਫਰਵਰੀ, 1902 ਈ: ਵਿੱਚ ਚੱਕ ਝੰਗ ਸ਼ਾਖਾ ਨੰ. 40, ਜਿਲ੍ਹਾ ਲਾਇਲਪੁਰ (ਅੱਜ ਦੇ ਪਾਕਿ-ਸਤਾਨ 'ਚ) ਜੱਟ ਪਰਿਵਾਰ ਦੇ ਖਹਿਰਾ ਖੋਤ ਨਾਲ ਸਬੰਧਤ ਪਿਤਾ ਸ੍ਰ. ਭਗਤ ਸਿੰਘ ਅਤੇ ਮਾਈ ਜੀਉ ਦੇ ਘਰ ਹੋਇਆ। ਕਰਤਾਰ ਸਿੰਘ ਨੇ 6 ਸਾਲ ਦੀ ਉਮਰ ਵਿੱਚ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਹਾਸਲ ਕੀਤੀ ਅਤੇ ਮਗਰੋਂ ਚੱਕ ਨੰ. 41 ਦੇ ਲਾਇਲਪੁਰ ਖ਼ਾਲਸਾ ਸਕੂਲ ਤੋਂ 1921 ਵਿੱਚ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ।

ਗਿਆਨੀ ਜੀ 'ਤੇ 9 ਵਰ੍ਹੇ ਦੀ ਉਮਰ ਵਿੱਚ 1919 ਈ: ਜਲ੍ਹਿਆਂ ਵਾਲਾ ਬਾਗ਼ ਖੂਨੀ ਸਾਕੇ ਦਾ ਵੱਡਾ ਰਾਜਨੀਤਿਕ ਪ੍ਰਭਾਵ ਪਿਆ, ਜਦੋਂ ਉਹ 9ਵੀਂ ਸ਼੍ਰੇਣੀ ਦੇ ਵਿਦਿਆਰਥੀ ਹੋਣ ਦੇ ਨਾਤੇ ਆਪਣੇ ਤਾਇਆ ਜੀ ਰਸਾਲਦਾਰ ਜਗਤ ਸਿੰਘ ਨੂੰ ਅੰਮ੍ਰਿਤਸਰ ਮਿਲਣ ਗਿਆ, ਜਿੱਥੇ ਉਹ ਫ਼ੌਜੀ ਦਫ਼ਤਰ ਦੇ ਸਪਲਾਈ ਵਿਭਾਗ 'ਚ ਨੌਕਰੀ ਕਰਦੇ ਸਨ। ਸੰਨ 1920 ਦੇ ਅਕਤੂਬਰ ਮਹੀਨੇ ਦੇ ਸ਼ੁਰੂ ਵਿੱਚ ਧਾਰੋਵਾਲੀ ਪਿੰਡ ਵਿਖੇ ਹੋਈ ਸਿੱਖ ਕਾਨਫ਼੍ਰੰਸ 'ਚ ਹਿੱਸਾ ਲਿਆ, ਜਿੱਥੇ ਕਾਂਗਰਸ ਦੇ ਨੇਤਾ ਸੈਫ਼ੂਦੀਨ ਕਿਚਲੂ, ਮਾਸਟਰ ਮੋਤਾ ਸਿੰਘ ਅਤੇ ਤੇਜਾ ਸਿੰਘ ਚੂਹੜਕਾਣਾ ਰਾਂਹੀ ਕੀਤੀਆਂ ਤਕਰੀਰਾਂ ਦਾ ਗਿਆਨੀ ਜੀ 'ਤੇ ਕ੍ਰਾਂਤੀਕਾਰੀ ਪ੍ਰਭਾਵ ਪਿਆ। 1924 ਈ: ਵਿੱਚ ਉਨ੍ਹਾਂ ਨੂੰ 'ਸ਼੍ਰੋਮਣੀ ਅਕਾਲੀ ਦਲ' ਦੀ ਲਾਇਲਪੁਰ ਜਿਲ੍ਹੇ ਦੀ ਸ਼ਾਖਾ ਦਾ ਜਨਰਲ ਸਕੱਤਰ ਚੁਣਿਆ ਗਿਆ। ਇਸੇ ਹੀ ਵਰ੍ਹੇ ਉਨ੍ਹਾਂ ਨੂੰ 'ਜੈਤੋ ਮੋਰਚੇ' ਦੌਰਾਨ ਜੈਤੋ ਜਾ ਰਿਹਾ 13ਵਾਂ ਸ਼ਹੀਦੀ ਜੱਥਾ ਪੰਜਾਬ ਦੇ ਮਾਝੇ ਖੇਤਰ ਵਿੱਚ ਦੀ ਜਾ ਰਿਹਾ ਸੀ ਤਾਂ ਸ਼ਹੀਦੀ ਜੱਥੇ ਦੇ ਸਵਾਗਤ ਲਈ ਜਾ ਰਹੇ ਜਲੂਸ ਦੀ ਅਗਵਾਈ ਕਰਦੇ ਹੋਏ ਅੰਗ੍ਰੇਜ਼ ਹਕੂਮਤ ਰਾਂਹੀ ਗਿਫ਼ਤਾਰ ਕਰ ਕੇ 6 ਮਹੀਨ ਦੀ ਸਜ਼ਾ ਸੁਣਾ ਕੇ ਕੈਂਬਲਪੁਰ (ਜਿਲ੍ਹਾ ਅਟਕ ਹੁਣ ਪਾਕਿਸਤਾਨ 'ਚ) ਦੀ ਕੇਂਦਰੀ ਜੇਲ੍ਹ ਵਿੱਚ ਕੈਦ ਕੀਤਾ ਗਿਆ। ਉਨ੍ਹਾਂ ਨੂੰ 30 ਅਕਤੂਰ, 1928 ਨੂੰ ਲਾਹੌਰ ਰੇਲਵੇ ਸਟੇਸ਼ਨ 'ਤੇ ਸਾਇਮਨ ਕਮਿਸ਼ਨ ਦਾ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕਰਨ ਅਤੇ 1930-31 ਵਿੱਚ 'ਸਿਵਲ ਨਾ-ਫ਼ਰਮਾਨੀ' ਅੰਦੋਲਨ ਵਿੱਚ ਅੰਗ੍ਰੇਜ਼ ਸਰਕਾਰ ਵਿਰੁੱਧ ਜੋਸ਼ੀਲੇ ਭਾਸ਼ਣ ਦੇਣ ਦੇ ਜ਼ੁਰਮ 'ਚ ਇੱਕ ਸਾਲ ਦੀ ਸਖ਼ਤ ਸਜ਼ਾ ਸੁਣਾ ਕੇ ਮੁਲਤਾਨ ਜੇਲ੍ਹ (ਅਜੋਕਾ ਪਾਕਿਸਤਾਨ) 'ਚ ਭੇਜਿਆ ਗਿਆ। 17 ਅਗਸਤ, 1932 ਨੂੰ ਜਦੋਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਰ ਰੈਮਜ਼ੇ ਮੈਕਡੌਨਿਲਨ ਨੇ ਕਮਿਊਨਲ ਐਵਾਰਡ ਦਾ ਐਲਾਨ ਕੀਤਾ ਤਾਂ ਇਸ ਦੇ ਵਿਰੋਧ 'ਚ 24 ਜੁਲਾਈ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ (ਲਾਹੌਰ) 'ਤੇ ਬੁਲਾਈ ਸਰਵ ਪਾਰਟੀ ਕਨਵੈਸ਼ਨ ਵਿੱਚ ਗਿਆਨੀ ਜੀ ਨੇ ਮਾਸਟਰ ਤਾਰਾ ਸਿੰਘ, ਸੁੰਦਰ ਸਿੰਘ ਮਜੀਠਿਆ ਅਤੇ ਗਿਆਨੀ ਸ਼ੇਰ ਸਿੰਘ ਸਮੇਤ ਵੱਧ ਚੜ੍ਹ ਕੇ ਹਿੱਸਾ ਲਿਆ। ਮਗਰੋਂ 3 ਨਵੰਬਰ, 1932 ਈ: ਨੂੰ ਅਲਾਹਾਬਾਦ ਵਿਖੇ ਪੰਡਤ ਮੋਹਨ ਮਾਲਵੀਆ ਦੁਆਰਾ ਬੁਲਾਈ 'ਏਕਤਾ ਕਾਨਫ਼੍ਰੰਸ' ਵਿੱਚ ਪਸਿੱਧ ਸਿੱਖ ਆਗੂਆਂ ਸ੍ਰ. ਉੱਜਲ ਸਿੰਘ, ਗੋਪਾਲ ਸਿੰਘ ਕੌਮੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਸਮੇਤ ਭਾਗ ਲਿਆ।

ਸੰਨ 1937 ਈ: ਗਿਆਨੀ ਜੀ ਲਾਇਲਪੁਰ ਜਿਲ੍ਹੇ ਦੀ ਸਮੁੰਦਰੀ-ਜੜ੍ਹਾਂਵਾਲਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਹੋਈ ਚੋਣ 'ਚ ਖ਼ਾਲਸਾ ਨੈਸ਼ਨਲ ਪਾਰਟੀ ਦੇ ਅੰਗ੍ਰੇਜ਼ ਪਿੱਠੂ ਉਮੀਦਵਾਰ ਸਰਦਾਰ ਬਹਾਦਰ ਦਲਬਾਗ ਸਿੰਘ ਨੂੰ ਕੇਵਲ 750 ਵੋਟਾਂ ਦੇ ਅੰਤਰ ਨਾਲ ਹਰਾ ਕੇ ਮੈਂਬਰ ਚੁਣੇ ਗਏ। 1943 ਵਿੱਚ ਮੁਸਲਿਮ ਲੀਗ ਦੀ ਵੱਖਰੇ ਮੁਸਲਿਮ ਰਾਜ ਦੀ ਮੰਗ 'ਤੇ ਪ੍ਰਤਿਕਿਰੀਆ ਕਰਦੇ ਹੋਏ ਗਿਆਨੀ ਜੀ ਨੇ ਕੁੱਝ ਠੋਸ ਨੁਕਤੇ ਬਿਆਨ ਕੀਤੇ ਸਨ, ਜਿਸ ਵਿੱਚ ਉਨ੍ਹਾਂ ਨੇ 'ਆਜ਼ਾਦ ਪੰਜਾਬ' ਯੋਜਨਾ ਦੀ ਕੁੱਝ ਸਮੇਂ ਲਈ ਪੁਰ-ਜ਼ੋਰ ਮੰਗ ਵੀ ਕੀਤੀ। ਸੰਨ 1957 ਵਿੱਚ ਗਿਆਨੀ ਜੀ ਦਸੂਹਾ-ਟਾਂਡਾ ਹਲਕੇ ਤੋਂ ਵਿਧਾਨ ਸਭਾ ਲਈ ਚੁਣੇ ਗਏ ਅਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਅਗਵਾਈ ਹੇਠ ਕੈਬਨਿਟ 'ਚ ਮਾਲ ਮੰਤਰੀ ਤੇ ਖੇਤੀ ਮੰਤਰੀ ਬਣੇ। 1962 ਵਿੱਚ ਉਹ ਰਾਜ ਵਿਧਾਨ ਸਭਾ ਲਈ ਦੁਬਾਰਾ ਚੁਣੇ ਗਏ।

ਅੱਜ ਇਹ ਗੱਲ ਸ਼ਾਇਦ ਹੀ ਆਮ ਲੋਕਾਂ ਨੂੰ ਪਤਾ ਹੋਵੇ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਰਾਜਨੀਤੀ ਵਿੱਚ ਲਿਆਉਣ ਵਾਲੇ ਗਿਆਨੀ ਕਰਤਾਰ ਸਿੰਘ ਜੀ ਹੀ ਸਨ। ਉਨ੍ਹਾਂ ਨੇ ਸਿਆਸੀ ਸਮਝ ਅਤੇ ਸਿੱਖ ਕੌਮ ਲਈ ਕੁੱਝ ਕਰ ਸਕਣ ਦੀ ਤਾਂਘ ਸਦਕਾ ਕਈ ਅਜਿਹੇ ਕੰਮ ਕੀਤੇ ਹਨ ਕਿ ਕੋਸ਼ਿਸ਼ ਕੀਤਿਆਂ ਵੀ ਉਹ ਕਾਰਨਾਮੇ ਭੁੱਲਾਏ ਨਹੀਂ ਜਾ ਸਕਦੇ। ਭਾਰਤ ਦੀ ਵੰਡ ਸਮੇਂ ਜਨਵਰੀ 1947 ਦੇ ਅੰਤ ਵਿੱਚ ਗਿਆਨੀ ਜੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਚੁਣੇ ਗਏ। ਜਦੋਂ ਦੇਸ਼ ਦੀ ਆਬਾਦੀ ਦਾ ਬਟਵਾਰਾ ਹੋਇਆ ਅਤੇ ਪਾਕਿਸਤਾਨੀ ਪੰਜਾਬ ਤੋਂ ਹਿੰਦੂ-ਸਿੱਖ ਆਉਣ ਲੱਗੇ ਤਾਂ ਗਿਆਨੀ ਜੀ ਨੇ ਆਪ ਇੱਕ ਵੱਡੇ ਜੱਥੇ ਦੀ ਅਗਵਾਈ ਕੀਤੀ ਜਿਸ ਵਿੱਚ 3 ਲੱਖ ਤੋਂ ਵੱਧ ਵਿਅਕਤੀ ਸਨ। ਪਾਕਿਸਤਾਨੀ ਮੁਸਲਿਮ ਆਗੂ ਗਿਆਨੀ ਜੀ ਅਤੇ ਮਾਸਟਰ ਤਾਰਾ ਸਿੰਘ ਦੇ ਨਾਂ ਤੋਂ ਭੈਅ ਖਾਂਦੇ ਸਨ ਅਤੇ ਮਾਣ ਵੀ ਕਰਦੇ ਸਨ। ਇਹ ਜੱਥਾ ਸਹੀ ਸਲਾਮਤ ਬਿਨ੍ਹਾਂ ਕਿਸੇ ਰੁਕਾਵਟ ਤੋਂ ਭਾਰਤ ਪਹੁੰਚਿਆ।

ਸੱਚਰ ਫ਼ਾਰਮੂਲਾ ਜਿਸ ਅਨੁਸਾਰ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਰਜਾ ਦਿੱਤਾ ਗਿਆ, ਸਿਰਫ਼ ਗਿਆਨੀ ਜੀ ਦੀ ਸਿਆਸੀ ਸੂਝ ਦੀ ਦੇਣ ਸੀ। ਮਗਰੋਂ 1956 ਈ: ਵਿੱਚ ਰੀਜਨਲ ਫ਼ਾਰਮੂਲਾ, ਜਿਸ ਦੀ ਧਾਰਾ 14 ਅਧੀਨ ਪੰਜਾਬ, ਪੰਜਾਬੀ ਅਤੇ ਹਿੰਦੀ ਖੇਤਰਾਂ ਦੀ ਭਾਸ਼ਾਈ ਤੌਰ 'ਤੇ ਪੁਨਰ-ਸੁਧਾਈ ਕੀਤੀ ਗਈ। ਇਸ ਸੋਧ ਦੀ ਪੇਸ਼ਕਸ ਕੇਵਲ ਗਿਆਨੀ ਜੀ ਦੁਆਰਾ ਹੀ ਕੀਤੀ ਗਈ ਸੀ। ਇਹ ਦੋਵੇਂ ਫ਼ਾਰਮੂਲੇ ਅਸਲ ਵਿੱਚ ਪੰਜਾਬੀ ਸੂਬੇ (1ਨਵੰਬਰ,1966) ਦਾ ਪੱਕਾ ਆਧਾਰ ਬਣੇ, ਜਿਸ ਲਈ ਦੋ ਦਹਾਕੇ ਤੋਂ ਸੰਘਰਸ਼ ਚੱਲ ਰਿਹਾ ਸੀ। ਪ੍ਰਸਿੱਧ ਅਕਾਲੀ ਆਗੂ ਸਰਦਾਰ ਹਰਭਜਨ ਸਿੰਘ ਬਾਜਵਾ ਆਪਣੀ ਪੁਸਤਕ 'ਸਿੱਖ ਰਾਜਨੀਤੀ ਦੇ ਪੰਜਾਹ ਸਾਲ (1920-70)' ਵਿੱਚ ਸਫ਼ਾ. 35 'ਤੇ ਲਿਖਦੇ ਹਨ ਕਿ, "ਅਪ੍ਰੈਲ 1961 ਵਿੱਚ ਗਿਆਨੀ ਜੀ ਨੇ ਮੈਨੂੰ ਮੁਸਕਰਾ ਕੇ ਦੱਸਿਆ ਕਿ, "ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਆਪਣੇ ਗੁਪਤ ਸੂਤਰਾਂ ਦੁਆਰਾ ਮੋਰਚੇ ਸਬੰਧੀ ਸਾਰੀ ਜਾਣਕਾਰੀ ਮਿਲ ਜਾਂਦੀ ਸੀ ਅਤੇ ਸਰਕਾਰ ਮੋਰਚਾ ਚਲਾ ਰਹੀ ਐਕਸ਼ਨ ਕਮੇਟੀ ਤੇ ਪੂਰੀ ਨਿਗ੍ਹਾ ਰੱਖ ਰਹੀ ਸੀ ਅਤੇ ਹਰ ਢੰਗ ਨਾਲ ਉਸ ਨੂੰ ਪ੍ਰਭਾਵਿਤ ਕਰਨ ਦੇ ਯਤਨ ਕਰ ਰਹੀ ਸੀ।"

ਇੱਕ ਹੋਰ ਉਪਕਾਰ ਸਮਝੋ ਜਾਂ ਗਿਆਨੀ ਜੀ ਵੱਲੋਂ ਪੰਜਾਬ ਦੀ ਸੇਵਾ ਕਿ ਪਵਿੱਤਰ ਸਥਾਨ ਸ੍ਰੀ ਆਨੰਦਪੁਰ ਸਾਹਿਬ, ਨੰਗਲ ਟਾਊਨਸ਼ਿਪ ਅਤੇ ਨੂਰਪੁਰ ਬੇਦੀ ਨੂੰ ਪੰਜਾਬ 'ਚ ਸ਼ਾਮਲ ਕਰਵਾਉਣ ਦਾ ਸਿਹਰਾ ਵੀ ਗਿਆਨੀ ਕਰਤਾਰ ਸਿੰਘ ਨੂੰ ਹੀ ਜਾਂਦਾ ਹੈ, ਨਹੀਂ ਤਾਂ ਇਹ ਹਿਮਾਚਲ ਵਿੱਚ ਊਨਾ



ਗਿਆਨੀ ਕਰਤਾਰ ਸਿੰਘ ਜੀ

ਤਹਿਸੀਲ ਦੇ ਹਿੱਸੇ ਵੱਜੋਂ ਜਾਣਾ ਸੀ। ਇਸੇ ਤਰ੍ਹਾਂ ਤਹਿਸੀਲ ਖਰੜ੍ਹ ਨੂੰ ਪੰਜਾਬ ਵਿੱਚ ਹੀ ਬਰਕਰਾਰ ਕਰਵ-ਾਇਆ। ਨਹੀਂ ਤਾਂ ਜਿਲ੍ਹਾ ਅੰਬਾਲੇ ਦੇ ਹਿੱਸੇ ਵਜੋਂ ਹਰਿਆਣਾ ਵਿੱਚ ਜਾ ਰਹੀ ਸੀ। 1962 ਵਿੱਚ ਗਿਆਨੀ ਜੀ ਨੂੰ ਵਿਧਾਨ ਸਭਾ ਲਈ ਦੁਬਾਰਾ ਚੁਣਿਆ ਗਿਆ। ਉਹ ਆਪਣੇ ਪੁਰਾਣੇ ਇਲਾਕੇ ਸਮੁੰਦਰੀ-ਜੜ੍ਹਾਂਵਾਲਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਵਜੋਂ ਚੋਣ ਜਿੱਤਣਾ ਚਾਹੁੰਦੇ ਸਨ ਪਰ ਕੁੱਝ ਕਾਰਨਾਂ ਕਰਕੇ ਅਸਫ਼ਲ ਸਿੱਧ ਹੋਏ। ਉਨ੍ਹਾਂ ਨੇ 16 ਅਪ੍ਰੈਲ,1967 ਈ: ਨੂੰ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਨਤੀਜੇ ਵਜੋਂ 1972 ਵਿੱਚ ਹੁਸ਼ਿਆਰਪੁਰ ਤੋਂ ਅਕਾਲੀ ਪਾਰਟੀ ਦੀ ਟਿਕਟ 'ਤੇ ਕਾਂਗਰਸ ਆਗੂ ਸ੍ਰ. ਦਰਬਾਰਾ ਸਿੰਘ ਦੇ ਵਿਰੁੱਧ ਲੋਕ ਸਭਾ ਮੈਂਬਰ ਦੇ ਤੌਰ 'ਤੇ ਚੋਣ ਜਿੱਤਣ ਵਿੱਚ ਅਸਫ਼ਲ ਰਹੇ।

ਅੱਜ ਪੰਜਾਬ ਦੇ ਕਿਸੇ ਵਿਰਲੇ ਆਦਮੀ ਨੂੰ ਹੀ ਪਤਾ ਹੋਵੇਗਾ, ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਪੰਜਾਬ ਦੇ ਇਤਿਹਾਸਕ ਸ਼ਹਿਰ ਪਟਿਆਲਾ ਵਿੱਚ ਸਥਾਪਤ ਕਰਾਉਣਾ ਵਿੱਚ ਪੰਜਾਬ ਦੇ ਸਿਆਸੀ ਨੇਤਾਵਾਂ 'ਚੋਂ ਕੇਵਲ ਤਿਆਗੀ ਨੇਤਾ ਗਿਆਨੀ ਕਰਤਾਰ ਸਿੰਘ ਨੇ ਹੀ ਸਫ਼ਲ ਯਤਨ ਕੀਤਾ ਸੀ। ਮਸਲਾ ਇਉਂ ਸੀ। ਪੰਜਾਬੀ ਰੀਜਨਲ ਕਮੇਟੀ ਦੀ ਬੈਠਕ ਹੋ ਰਹੀ ਸੀ। ਗਿਆਨੀ ਜੀ ਨੇ ਸ੍ਰ. ਰਾਮ ਦਿਆਲ ਸਿੰਘ ਐਮ.ਐਲ.ਏ. (ਗਿਆਨੀ ਜੀ ਦੇ ਨਿਕਟਵਰਤੀ) ਤੋਂ ਪ੍ਰਸਤਾਵ ਰੱਖਵਾ ਦਿੱਤਾ ਕਿ ਪੰਜਾਬੀ ਜ਼ੋਨ ਦੇ ਸਕੂਲਾਂ 'ਚ ਪੜ੍ਹਾਈ ਕੇਵਲ ਪੰਜਾਬੀ ਭਾਸ਼ਾ ਵਿੱਚ ਹੀ ਹੋਵੇ। ਇਸ ਨਾਲ ਤਰਥੱਲਾ ਪੈ ਗਿਆ ਅਤੇ ਗਿਆਨੀ ਜੀ ਨੂੰ ਮਨਾਇਆ ਗਿਆ ਕਿ ਇਹ ਪ੍ਰਸਤਾਵ ਵਾਪਸ ਕਰਾਓ ਨਹੀਂ ਤਾਂ ਹੋਰ ਮਸਲੇ ਪੈਦਾ ਹੋ ਜਾਣਗੇ। ਗਿਆਨੀ ਜੀ ਨੇ ਕਿਹਾ ਕਿ ਇੱਕ ਸ਼ਰਤ 'ਤੇ ਵਾਪਸ ਹੋ ਸਕਦਾ ਹੈ। ਸਦਨ ਦਾ ਆਗੂ ਐਲਾਨ ਕਰੇ ਕਿ ਪੰਜਾਬੀ ਭਾਸ਼ਾ ਲਈ ਸਮਰਪਿਤ ਇੱਕ ਯੂਨੀਵਰਸਿਟੀ ਬਣਾਈ ਜਾਵੇਗੀ। ਮਗਰੋਂ ਗਿਆਨੀ ਜੀ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਤਾਪ ਸਿੰਘ ਕੈਰੋਂ ਨੂੰ ਇਹ ਕਹਿ ਕੇ ਮਨ੍ਹਾ ਲਿਆ, ਕਿ ਪੰਜਾਬੀ ਰੀਜਨਲ ਕਮੇਟੀ ਬਣੀ ਹੀ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਹੈ। ਪੰਜਾਬੀ ਭਾਸ਼ਾ ਦੀ ਉੱਨਤੀ ਪੰਜਾਬੀ ਭਾਸ਼ਾ ਤੋਂ ਬਿਨ੍ਹਾਂ ਕਿਵੇਂ ਸੰਭਵ ਹੋ ਸਕਦੀ ਹੈ।

ਸਿੱਟੇ ਵਜੋਂ 30 ਅਪ੍ਰੈਲ, 1962 ਈ: ਨੂੰ ਪੰਜਾਬੀ ਦੇ ਆਧਾਰ 'ਤੇ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਭਾਰਤ ਦੇ ਰਾਸ਼ਟਰਪਤੀ ਡਾ. ਸਰਵਪਲੀ ਰਾਧਾਕ੍ਰਿਸ਼ਨਨ ਦੇ ਭਾਸ਼ਣ ਨਾਲ ਕੀਤੀ ਗਈ, ਭਾਈ ਜੋਧ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਉੱਪ-ਕੁਲਪਤੀ ਨਿਯੁਕਤ ਕੀਤਾ ਗਿਆ ਅਤੇ 1963 ਵਿੱਚ ਦਾਖ਼ਲੇ ਸ਼ੁਰੂ ਕੀਤੇ ਗਏ। 24 ਜੂਨ, 1962 ਨੂੰ ਸ੍ਰ. ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਭਾਸ਼ਣ 'ਚ ਕਿਹਾ ਸੀ:

"ਪੰਜਾਬੀ ਬੋਲੀ ਬੜਿਆਂ ਝੱਖੜਾਂ, ਤੁਫਾਨਾਂ ਤੇ ਮੁਸੀਬਤਾਂ ਵਿਚਦੀ ਨਿਕਲੀ ਹੈ।
ਇਸ ਨੇ ਤਲਵਾਰਾਂ, ਖੰਡਿਆਂ, ਤੀਰਾਂ ਤੇ ਨੇਜ਼ਿਆਂ ਦੇ ਗੀਤ ਗਾਏ ਨੇ।
ਜੰਗਲਾਂ, ਬੇਲਿਆਂ ਤੇ ਮਾਰੂਥਲਾਂ ਵਿੱਚ ਰੋਮਾਂਸਕ ਟੋਲੇ ਗਾਏ ਨੇ।
ਇਸ ਨੇ ਸੂਰਮਿਆਂ, ਯੋਧਿਆਂ ਤੇ ਸ਼ਹੀਦਾਂ ਦੀਆਂ ਅਣਖੀ ਵਾਰਾਂ ਦੀਆਂ ਗੂੰਜਾਂ ਪਾਈਆਂ ਨੇ।
ਇਸ ਬੋਲੀ ਨੇ ਭਗਤ ਬਾਣੀ, ਗੁਰੂ ਬਾਣੀ ਤੇ ਪ੍ਰਭੂ-ਭਗਤੀ ਦਾ ਰਾਗ ਅਲਾਪਿਆ ਹੈ।
ਮੁੱਕਦੀ ਗੱਲ, ਪੰਜਾਬੀ ਬੋਲੀ ਰਣਭੂਮੀ, ਦੇਸ਼ ਭਗਤੀ, ਪ੍ਰਭੂ ਭਗਤੀ ਤੇ ਪ੍ਰੇਮ ਭਗਤੀ ਦਾ ਮੁਜੱਸਮਾ ਹੈ...
ਅੱਜ ਦਾ ਇਹ ਗਿਆਨ ਮੰਦਿਰ ਅਰਥਾਤ ਯੂਨੀਵਰਸਿਟੀ ਵਿੱਚ ਆ ਬਿਰਾਜੀ ਹੈ।"

ਬੇਸ਼ੱਕ ਅੱਜ ਯੂਨੀਵਰਸਿਟੀ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਦੇ ਬਾਵਜੂਦ ਵੀ ਮਾਲਵੇ ਖੇਤਰ ਲਈ ਪੰਜਾਬ ਦੀਆਂ ਹੋਰ ਸਿੱਖਿਆ ਸੰਸਥਾਵਾਂ ਨਾਲੋਂ ਚੰਗੀ ਤੇ ਸਸਤੀ ਉੱਚ ਸਿੱਖਿਆ ਪ੍ਰਦਾਨ ਕਰ ਰਹੀ ਹੈ, ਜੋ ਕਿ ਗਿਆਨੀ ਕਰਤਾਰ ਸਿੰਘ ਦੁਆਰਾ ਕੀਤੇ ਅਣਥੱਕ ਯਤਨਾਂ ਦਾ ਨਤੀਜਾ ਹੈ। ਇਸੇ ਤਰ੍ਹਾਂ ਜਦੋਂ 1962 ਵਿੱਚ ਲੁਧਿਆਣਾ ਵਿਖੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਤਾਂ ਗਿਆਨੀ ਜੀ ਦਾ ਉਸ ਸਮੇਂ ਖੇਤੀ ਵਿਭਾਗ ਦੇ ਮੰਤਰੀ ਵਜੋਂ ਅਹਿਮ ਯੋਗਦਾਨ ਰਿਹਾ।

ਜੇਕਰ ਅੱਜ ਪੰਜਾਬ ਦੀਆਂ ਲਟਕਦੀਆਂ ਮੰਗਾਂ ਖਾਸ ਕਰਕੇ ਪੰਜਾਬੀ ਬੋਲਦੇ ਪੰਜਾਬ ਤੋਂ ਬਾਹਰ ਰਹਿ ਗਏ ਇਲਾਕੇ (ਚੰਡੀਗੜ੍ਹ), ਦਰਿਆਵਾਂ ਦੇ ਪਾਣੀ, ਵਧੇਰੇ ਰਾਜਸੀ ਅਧਿਕਾਰਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਜਾਇਜ਼ ਮੰਗਾਂ 'ਤੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਵੱਲੋਂ ਸ਼ਿਆਸਤ ਕੀਤੀ ਜਾ ਰਹੀ ਹੈ।ਮੰਗਾਂ ਦੀ ਆੜ ਵਿੱਚ ਸੱਤਾਧਾਰੀ ਪਾਰਟੀ ਨੂੰ ਖੁਆਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਦੋਂ ਉਹ ਪਾਰਟੀ ਸੱਤਾ 'ਤੇ ਕਾਬਜ਼ ਹੋ ਜਾਂਦੀ ਹੈ ਤਾਂ 'ਮੰਗਾਂ' ਭੁੱਲ ਜਾਂਦੀਆਂ ਹਨ। ਜੇਕਰ ਮੌਜੂਦਾ ਸਮੇਂ ਵਿੱਚ ਦੇਖਿਆ ਜਾਵੇ ਤਾਂ ਗਿਆਨੀ ਕਰਤਾਰ ਸਿੰਘ ਜਿਹਾ ਕੋਈ ਆਗੂ ਤਿਆਗ ਤੇ ਨਿਰ-ਸੁਵਾਰਥ ਦੀ ਭਾਵਨਾ ਨਾਲ ਪੰਜਾਬ ਲਈ 'ਮੰਗਾਂ' ਦੀ ਪੈਰਵੀ ਕਰਦਾ ਤਾਂ ਇਹ ਭੱਖਦੇ ਮਸਲੇ ਹੱਲ ਨਾ ਹੰਦੇ? ਉੱਤਰ ਵਿੱਚ ਜ਼ਰੂਰ ਹੱਲ ਹੋ ਜਾਣੇ ਸਨ। 1973 ਦੇ ਅੰਤਲੇ ਦਿਨਾਂ 'ਚ ਗਿਆਨੀ ਕਰਤਾਰ ਸਿੰਘ ਦੀ ਸਿਹਤ ਖ਼ਰਾਬ ਰਹਿਣ ਲੱਗੀ। 10 ਜੂਨ, 1974 ਈ: ਦੀ ਸਵੇਰ ਨੂੰ ਗਿਆਨੀ ਜੀ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਖੇ ਇਸ ਸੰਸਾਰ ਤੋਂ ਅਕਾਲ ਚਲਾਣਾ ਕਰ ਗਏ। 11 ਜੂਨ ਨੂੰ ਗਿਆਨੀ ਜੀ ਨੂੰ ਪੁਰਾਣੇ ਪੰਜਾਬ ਵਿਧਾਨ ਸਭਾ ਹਲਕੇ ਦੇ ਮੁੱਖ ਨਗਰ ਟਾਂਡਾ ਉਰਮਰ ਦੇ ਕਾਲਜ ਗਰਾਊਂਡ 'ਚ ਸਰਕਾਰੀ ਸਨਮਾਨ ਨਾਲ ਅੰਤਮ ਸੰਸਕਾਰ ਕੀਤਾ ਗਿਆ। ਮਗਰੋਂ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਨਾਮ 'ਤੇ 'ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ' ਰੱਖ ਦਿੱਤਾ ਗਿਆ। ਪ੍ਰੋ. ਧਰਮ ਸਿੰਘ ਸਹੋਤਾ ਦੀ ਪੁਸਤਕ 'ਸਿਆਸਤ ਦਾ ਧਨੀ: ਗਿਆਨੀ ਕਰਤਾਰ ਸਿੰਘ' (1982) ਦੀ ਭੂਮਿਕਾ ਵਿੱਚ ਡਾ. ਸਾਧੂ ਸਿੰਘ ਹਮਦਰਦ ਸਫ਼ਾ. 3 'ਤੇ ਲਿਖਦੇ ਹਨ ਕਿ, "ਗਿਆਨੀ ਜੀ ਦਾ ਬੈਂਕ ਬਕਾਇਆ ਕੁੱਝ ਨਹੀਂ ਨਿਕ-ਲਿਆ। ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਵੀ ਵਿੱਕ ਚੁੱਕੀ ਸੀ ਤੇ ਉਨ੍ਹਾਂ ਦੇ ਅਕਾਲੀ-ਪੱਤ੍ਰਿਕਾ ਕੰਪਨੀ ਦੇ ਹਿੱਸੇ ਵੀ ਪ੍ਰਬੰਧਕਾਂ ਨੇ ਆਪਣੇ ਨਾਂ ਲਿਖਵਾ ਲਏ ਸਨ ਜਦੋਂ ਗਿਆਨੀ ਜੀ ਆਖ਼ਰੀ ਸਾਹਾਂ 'ਤੇ ਨੀਮ-ਬੇਹੋਸ਼ੀ ਦੀ ਹਾਲਤ ਵਿੱਚ ਪਏ ਸਨ।"

ਜਿਸ ਰਾਜਸੀ ਨੇਤਾ ਨੇ ਪੰਜਾਬ ਅਤੇ ਸਿੱਖ ਪੰਥ ਲਈ ਸਾਰੀ ਜ਼ਿੰਦਗੀ ਲਗਾ ਦਿੱਤੀ ਹੋਵੇ ਅਤੇ ਪ੍ਰਪਤੀਆਂ ਕਰਕੇ ਦਿੱਤੀਆਂ ਹੋਣ ਤਾਂ ਸਿੱਖ ਕੌਮ ਨੂੰ ਅਤੇ ਪੰਜਾਬ ਨੂੰ ਉਸ ਦਸਵੇਸ਼ ਨੇਤਾ ਦਾ ਰਿਣੀ ਹੋਣਾ ਹੀ ਬਣਦਾ ਹੈ। ਪ੍ਰੰਤੂ ਅਫ਼ਸੋਸ! ਕਿ ਉਸ ਨਿਸ਼ਕਾਮ ਸੇਵਕ ਨੂੰ ਤਾਂ ਉਸ ਦੇ ਅੰਤਲੇ ਸਮੇਂ ਵੀ ਨਹੀਂ ਗੌਲਿਆ ਗਿਆ। ਗਿਆਨੀ ਜੀ ਆਪਣੀ ਨਿਸ਼ਕਾਮ, ਨਿਰਸਵਾਰਥ ਸੇਵਾ ਅਤੇ ਸਿਆਣੀ ਸਮਝ ਸਦਕਾ ਕਰੀਬ 3 ਦਹਾਕੇ ਪੰਜਾਬ ਅਤੇ ਸਿੱਖ ਸਿਆਸੀ ਮੰਚ 'ਕੇ ਛਾਏ ਰਹੇ। ਅੱਜ ਰਾਜਨੀਤਕ ਨੇਤਾਵਾਂ ਦੇ ਦਿਨੋਂ-ਦਿਨ ਨਿਘਰਦੇ ਪੱਧਰ ਨੂੰ ਦੇਖ ਕੇ ਗਿਆਨੀ ਜੀ ਦਾ ਵਿਅਕਤੀਤਵ ਹੋਰ ਵੀ ਸ਼ਿੱਦਤ ਨਾਲ ਯਾਦ ਆਉਂਦਾ ਹੈ ਅਤੇ ਗਿਆਨੀ ਜੀ ਦੀ ਅਣਹੋਂਦ ਮਹਿਸੂਸ ਹੁੰਦੀ ਹੈ। ਸੱਚ ਪੁੱਛੋ, ਤਾਂ ਅੱਜ ਨਿੱਜੀ ਸਵਾਰਥ ਅਤੇ ਸੱਤਾ ਦੀ ਲਾਲਸਾ ਲਈ ਹੋੜ੍ਹ ਲੱਗੀ ਹੋਈ ਹੈ, ਭਾਵੇਂ ਹੋੜ੍ਹ ਉਸ ਅਹੁੱਦੇ ਦੇ ਲਾਇਕ ਹੋਵੇ ਜਾਂ ਨਾ ਹੋਵੇ।

ਵਹੁ ਮਜ਼ਕੂਰ ਨਹੀਂ ਹੈ ਦਿਲਕਸ਼ ਜਿਸ ਮੇਂ ਤੁਮਾਰਾ ਨਾਮ ਨਹੀਂ ਹੈ।

# ਮਿੰਨੀ ਕਹਾਣੀਆਂ

## ਲੋੜ

–ਗੁਰਦਿਆਲ ਦਲਾਲ

ਲੈਨਿਨ ਦੀ ਮੂਰਤੀ ਤੋੜਨ ਮਗਰੋਂ ਉਹ ਬਹੁਤ ਥੱਕ ਗਏ। ਨੇਤਾ ਨੇ ਸਭ ਨੂੰ ਸ਼ਰਾਬ ਪਿਆਈ ਤੇ ਬੋਲਿਆ, 'ਹੁਣ ਤੁਸੀਂ ਦਫਤਰ ਵਿੱਚੋਂ ਪੇਮੈਂਟ ਲਓ ਤੇ ਘਰਾਂ ਨੂੰ ਜਾਉ।'

ਇਕ ਸ਼ਰਾਬੀ ਅੜ ਗਿਆ। ਕਹਿੰਦਾ, 'ਸਵਾਦ ਨਹੀਂ ਆਇਆ, ਮੂਰਤੀ ਤੋੜ ਕੇ। ਲਹੂ ਤਾਂ ਨਿਕਲਿਆ ਹੀ ਨਹੀਂ।'

ਨੇਤਾ ਬੋਲਿਆ, 'ਵਾਹ! ਤੇਰੇ ਵਰਗਿਆਂ ਦੀ ਤਾਂ ਸਖਤ ਲੋੜ ਏ। ਤੂੰ ਮੇਰੇ ਨਾਲ ਹੀ ਆ ਜਾ।'

## ਫਿਕਰ

–ਤਰਸੇਮ ਲੰਡੇ

'ਪਿੰਦੇ ਦੇ ਬਾਪੂ, ਜੇ ਜੁਆਕ ਸ਼ਹਿਰ ਗਿਆ ਥੋੜ੍ਹਾ ਲੇਟ ਹੋ ਗਿਆ ਤਾਂ ਫੇਰ ਕੀ ਹੈ, ਕਿਤੇ ਕਿਸੇ ਲਿਹਾਜੀ ਭਿਹਾਜੀ ਕੋਲ ਰੁਕ ਗਿਆ ਹੋਣੈ। ਨਾਲੇ ਇਹ ਕਿਹੜਾ ਕੋਈ ਕੁੜੀ ਐ ਜੋ ਐਵੀਂ ਸੰਸਾ ਕਰਦੇ ਹੋ।' ਬਚਨੋ ਨੇ ਧਰਵਾਸ ਦਿੰਦਿਆਂ ਆਪਣੇ ਪਤੀ ਨੂੰ ਕਿਹਾ।

'ਭਾਗਵਾਨੇ ਗੱਲ ਉਹ ਨਹੀਂ। ਦਰਅਸਲ ਗੱਲ ਇਹ ਹੈ ਕਿ ਬੇਰੁਜ਼ਗਾਰੀ ਦਾ ਭੰਨਿਆ ਕਿਤੇ ਨਸ਼ੇ ਦੇ ਚੁੰਗਲ 'ਚ ਹੀ ਨਾ ਫਸ ਜਾਏ। ਨਸ਼ੇ ਦੀ ਲਤ ਬੇਰੁਜ਼ਗਾਰੀ ਤੋਂ ਵੀ ਭਿਆਨਕ ਹੁੰਦੀ ਐ। ਕੁੜੀ ਹੁੰਦੀ ਤਾਂ ਇਹ ਫਿਰਕ ਨਾ ਰਹਿੰਦਾ..।' ਸ਼ਾਇਦ ਇਹ ਗੱਲ ਤਾਂ ਬਚਨੋ ਨੇ ਸੋਚੀ ਵੀ ਨਹੀਂ ਸੀ।

## ਇਕ ਤੌੜੀ, ਦੋ ਢਿੱਡ

–ਸੁਖਵਿੰਦਰ ਕੌਰ ਸਿੱਧੂ

'ਹਾਂ ਬਈ ਬੱਚਿਓ! ਅੱਜ ਆਪਾਂ ਮੁਹਾਵਰੇ ਅਤੇ ਅਖਾਣਾਂ ਦਾ ਜ਼ੁਬਾਨੀ ਟੈਸਟ ਲੈਣਾ ਹੈ। ਜੇ ਕਿਸੇ ਦੀ ਕੋਈ ਸਮੱਸਿਆ ਹੈ ਤਾਂ ਉਹ ਪਹਿਲਾਂ ਪੁੱਛ ਸਕਦਾ ਹੈ।' ਮਾਸਟਰ ਜਗਦੇਵ ਸਿੰਘ ਨੇ ਕੁਰਸੀ 'ਤੇ ਬੈਠਦਿਆਂ ਕਲਾਸ ਨੂੰ ਸੰਬੋਧਨ ਕਰਕੇ ਕਿਹਾ।

"ਮਾਸਟਰ ਜੀ, ਇਕ ਅਖਾਣ ਮੇਰੀ ਸਮਝ 'ਚ ਨਹੀਂ ਆਇਆ। 'ਇਕ ਤੌੜੀ ਦੋ ਢਿੱਡ' ਦਾ ਅਰਥ ਦੱਸ ਕੇ ਕੀ ਵਾਕ ਬਣੇਗਾ?" ਜਗਦੀਪ ਨੇ ਖੜਾ ਹੋ ਕੇ ਪੁੱਛਿਆ।

ਬਚਪਨ ਤੋਂ ਹੁਣ ਤੱਕ ਮਾਂ ਬਾਪ ਵੱਲੋਂ ਦੋਵੇਂ ਭਰਾਵਾਂ 'ਚ ਹੁੰਦੇ 'ਇਕ ਤੌੜੀ ਦੋ ਢਿੱਡ' ਦੀ ਸਾਰੀ ਰੀਲ੍ਹ ਮਾਸਟਰ ਜਗਦੇਵ ਸਿੰਘ ਦੀਆਂ ਅੱਖਾਂ ਅੱਗੋਂ ਲੰਘਣ ਲੱਗੀ ਤੇ ਉਹ ਜਾਣਦਾ ਹੋਇਆ ਵੀ ਵਾਕ ਬਣਾਉਣ ਵਿੱਚ ਅਸਮਰੱਥ ਜਾਪ ਰਿਹਾ ਸੀ।

## ਤੰਦੂਆ

–ਮੁਖਤਾਰ ਗਿੱਲ

ਬੋਰਡ ਵੱਲੋਂ ਐਲਾਨੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਬਹੁਤ ਮਾੜੇ ਆਏ ਤਾਂ ਸਰਕਾਰ ਦਾ ਧਿਆਨ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਵੱਲ ਗਿਆ। ਫਿਰ ਤੁਰੰਤ ਸਰਕਾਰੀ ਸਕੂਲਾਂ ਦੀ ਪੜ੍ਹਾਈ ਨੂੰ ਲੀਹ 'ਤੇ ਲਿਆਉਣ ਲਈ ਕਈ ਯੋਜਨਾਵਾਂ ਉਲੀਕੀਆਂ ਗਈਆਂ। ਇਨ੍ਹਾਂ ਵਿੱਚੋਂ ਇਕ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਦੇ ਲਈ ਮਾਪਿਆਂ ਨੂੰ ਜਾਗਰੂਕ ਕਰਨ ਲਈ 'ਚੇਤਨਾ ਰੈਲੀਆਂ' ਕੱਢਣਾ ਸੀ।

ਮੈਂ ਵੀ ਕਾਹਲੀ ਵਿੱਚ ਤਖਤੀਆਂ ਤੇ ਬੈਨਰ ਬਣਵਾਏ। ਆਪਣੇ ਸਰਕਾਰੀ ਐਲੀਮੈਂਟਰੀ ਸਕੂਲ ਦੇ ਪੰਜਵੀਂ ਦੇ ਬੱਚਿਆਂ ਦੇ ਹੱਥਾਂ ਵਿੱਚ ਤਖਤੀਆਂ ਅਤੇ ਬੈਨਰ ਫੜਾਏ ਜਿਨ੍ਹਾਂ 'ਤੇ 'ਪੜ੍ਹਾਈ, ਵਰਦੀਆਂ, ਕਿਤਾਬਾਂ, ਦੁਪਹਿਰ ਦਾ ਖਾਣਾਂ, ਵਜੀਫੇ ਪਾਓ, ਬੱਚੇ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਓ' ਆਦਿ ਨਾਅਰੇ ਲਿਖੇ ਸਨ। ਮੈਂ ਚੇਤਨਾ ਰੈਲੀ ਲਈ ਨਿਕਲ ਤੁਰਿਆ। ਜਦੋਂ ਰੈਲੀ ਨੂੰ ਫਿਰਨੀ ਦਾ ਚੱਕਰ ਕੱਢਵਾ ਸੰਪਰਕ ਸੜਕ 'ਤੇ ਪੁੱਜਾ ਤਾਂ ਅੱਗੋਂ ਸਾਧਾਰਨ ਜਿਹਾ ਕਿਸਾਨ ਨਿੰਜੀ ਸਕੂਲ ਵਿੱਚ ਪੜ੍ਹੇ ਆਪਣੇ ਬੱਚੇ ਦੀ ਸਕੂਲ ਬੱਸ ਲੰਘ ਜਾਣ ਕਰਕੇ ਵਾਪਸ ਘਰ ਨੂੰ ਲਿਜਾ ਰਿਹਾ ਮਿਲ ਪਿਆ। ਮੈਂ ਉਸ ਨੂੰ ਸਰਕਾਰੀ ਸਹੂਲਤਾਂ ਬਾਰੇ ਦੱਸਦਿਆਂ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨ ਲੱਗਾ।

'ਮਾਸਟਰ ਜੀ! ਇਕ ਗੱਲ ਆਖਾਂ ਤਾਂ ਗੁੱਸਾ ਨਾ ਕਰਿਓ। ਤੁਸੀਂ ਅੱਜ ਆਪਣੇ ਦੋਵਾਂ ਬੱਚਿਆਂ ਨੂੰ ਸਰਕਾਰੀ ਸਕੂਲ 'ਚ ਦਾਖਲ ਕਰ ਲਓ। ਕੱਲ੍ਹ ਮੈਂ ਵੀ ਆਪਣੇ ਬੱਚੇ ਨੂੰ ਦਾਖਲ ਕਰਵਾ ਜਾਵਾਂਗਾ।'

ਅਧਪੜ੍ਹ ਕਿਸਾਨ ਦੇ ਆਖੇ ਕੌੜੇ ਸੱਚ ਕਾਰਨ ਮੇਰੀ ਜ਼ੁਬਾਨ ਨੂੰ ਜਿਵੇਂ ਤੰਦੂਆ ਪੈ ਗਿਆ।

## ਹਲਕਾ ਫੁਲਕਾ

ਸੁਨੀਲ, "ਆਦਮੀ ਵਿਆਹ ਤੋਂ ਬਾਅਦ ਵੀ ਵਿਦਿਆਰਥੀ ਰਹਿੰਦਾ ਹੈ।"
ਅਨਿਲ, "ਉਹ ਕਿਵੇਂ?"
ਸੁਨੀਲ, "ਘਰ ਵਾਲੀ ਨੂੰ ਲੱਗਦਾ ਹੈ ਕਿ ਮਾਂ ਸਿਖਾ ਰਹੀ ਹੈ ਤੇ ਮਾਂ ਨੂੰ ਲੱਗਦਾ ਹੈ ਕਿ ਘਰਵਾਲੀ ਸਿਖਾ ਰਹੀ ਹੈ।"

********

ਜੁਗਲ, "ਨੌਕਰੀ ਵੀ ਘਰ ਵਾਲੀ ਵਰਗੀ ਹੁੰਦੀ ਹੈ।"
ਗਗਨ, "ਉਹ ਕਿਵੇਂ?"
ਜੁਗਲ, "ਜੋ ਇੱਕ ਵਾਰ ਮਿਲਣ ਤੋਂ ਬਾਅਦ ਛੱਡ ਨਹੀਂ ਸਕਦੇ, ਇੱਕ ਹੁੰਦੇ ਹੋਏ ਵੀ ਦੂਜੀ ਨਹੀਂ ਕਰ ਸਕਦੇ ਅਤੇ ਇੱਕ ਖਾਸ ਗੱਲ, ਉਸ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ ਚੰਗੀਆਂ ਲੱਗਦੀਆਂ ਹਨ।"

## ਜ਼ਮੀਨ ਦੇ ਝਗੜੇ ਵਿੱਚ ਔਰਤ ਨੂੰ ਨਿਰਵਸਤਰ ਕਰ ਕੇ ਕੁੱਟਿਆ

ਤਰਨ ਤਾਰਨ, 9 ਜੂਨ (ਪੋਸਟ ਬਿਊਰੋ)- ਪਿੰਡ ਨੌਸ਼ਹਿਰਾ ਪੰਨੂਆਂ ਵਿਖੇ ਕੱਲ੍ਹ ਸ਼ਾਮ ਜ਼ਮੀਨ ਦੇ ਝਗੜੇ ਵਿੱਚ ਰਿਸ਼ਤੇਦਾਰਾਂ ਨੇ ਔਰਤ ਨੂੰ ਉਸ ਦੇ ਪੁੱਤਰ ਅਤੇ ਨੂੰਹ ਸਾਹਮਣੇ ਨਿਰਵਸਤਰ ਕਰ ਕੇ ਕੁੱਟਿਆ। ਪੁਲਸ ਨੇ ਇਸ ਬਾਰੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਔਰਤ ਦਾ ਇੱਕ ਪੁੱਤਰ ਵਿਦੇਸ਼ ਵਿੱਚ ਹੈ, ਛੋਟਾ ਪੁੱਤਰ ਤੇ ਨੂੰਹ ਉਸ ਦੇ ਨਾਲ ਹਨ।

ਨੌਸ਼ਹਿਰਾ ਪੰਨੂਆਂ ਦੀ ਰਹਿੰਦੀ ਇਸ ਔਰਤ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੀ 15 ਕਨਾਲ 14 ਮਰਲੇ ਜ਼ਮੀਨ ਹੈ। ਇਸ ਜ਼ਮੀਨ ਵਿੱਚੋਂ 13 ਕਨਾਲ 14 ਮਰਲੇ ਦਾ ਕੇਸ ਪਿੰਡ ਦੇ ਹੀ ਅਮਰ ਸਿੰਘ ਨੇ ਅਦਾਲਤ ਵਿੱਚ ਕੀਤਾ ਹੋਇਆ ਹੈ। ਪੀੜਤਾ ਨੇ ਦੱਸਿਆ ਕਿ ਸ਼ੁੱਕਰਵਾਰ ਸ਼ਾਮ ਛੇ ਵਜੇ ਉਹ ਘਰ ਹੀ ਸੀ, ਘਰ ਦੇ ਨੇੜੇ ਹੀ ਝਗੜੇ ਵਾਲੀ ਜ਼ਮੀਨ ਹੈ। ਔਰਤ ਨੇ ਕਿਹਾ ਕਿ ਬਚਿੱਤਰ ਸਿੰਘ, ਬਾਸ਼ਾ ਸਿੰਘ, ਜਰਨੈਲ ਸਿੰਘ, ਫੌਜਾ ਸਿੰਘ, ਗੁਰਪ੍ਰੀਤ ਸਿੰਘ,




ਹਰਪ੍ਰੀਤ ਸਿੰਘ ਤੇ ਗੁਰਬਚਨ ਸਿੰਘ ਹਥਿਆਰਾਂ ਸਣੇ ਉਸ ਦੇ ਘਰ ਆਏ ਤੇ ਉਨ੍ਹਾਂ ਨੇ ਜ਼ਮੀਨ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ। ਜਦੋਂ ਉਸ ਨੇ ਰੋਕਿਆ ਤਾਂ ਉਨ੍ਹਾਂ ਨੂੰ ਨਿਰਵਸਤਰ ਕਰ ਕੇ ਕੁੱਟਿਆ। ਇਸ ਦੌਰਾਨ ਉਸ ਦੇ ਖੱਬੀ ਬਾਂਹ 'ਤੇ ਸੱਟ ਲੱਗ ਗਈ। ਮਾਂ ਦੇ ਬਚਾਅ ਵਿੱਚ ਆਏ ਪੁੱਤਰ ਤੇ ਨੂੰਹ ਨਾਲ ਵੀ ਹਮਲਾਵਰਾਂ ਨੇ ਕੁੱਟਮਾਰ ਕੀਤੀ। ਜਦੋਂ ਉਨ੍ਹਾਂ ਰੌਲਾ ਪਾਇਆ ਤਾਂ ਹਮਲਾਵਰ ਮੌਕੇ ਤੋਂ ਭੱਜ ਗਏ। ਡੀ ਐੱਸ ਪੀ ਆਜ਼ਾਦ ਦਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰ ਕੇ ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਤੇ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਸਲਾਹਕਾਰ ਗਰੁੱਪਾਂ ਵਿੱਚੋਂ ਸਿੱਧੂ ਤੇ ਸੋਨੀ ਬਾਹਰ ਰੱਖੇ

ਚੰਡੀਗੜ੍ਹ, 9 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਸਰਕਾਰ ਦੇ ਮਹੱਤਵ ਪੂਰਨ ਪ੍ਰੋਗਰਾਮਾਂ ਅਤੇ ਸਕੀਮਾਂ ਦੀ ਪ੍ਰਗਤੀ ਦਾ ਧਿਆਨ ਰੱਖਣ ਤੇ ਇਨ੍ਹਾਂ ਵਿਚ ਲੋੜੀਂਦੀਆਂ ਸੋਧਾਂ ਕਰਨ ਵਾਸਤੇ ਮੰਤਰੀਆਂ ਦੇ ਸਲਾਹਕਾਰ ਗਰੁੱਪਾਂ ਦਾ ਐਲਾਨ ਕਰ ਦਿੱਤਾ ਹੈ। ਨਵੇਂ ਬਣਾਏ ਗਏ ਬਿਜਲੀ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਇਨ੍ਹਾਂ ਗਰੁੱਪਾਂ ਵਿੱਚ ਨਹੀਂ ਲਿਆ ਤੇ ਹੋਰ ਮੰਤਰੀਆਂ ਨੂੰ ਕਿਸੇ ਨਾ ਕਿਸੇ ਗਰੁੱਪ ਵਿੱਚ ਸ਼ਾਮਲ ਕੀਤਾ ਗਿਆ ਹੈ। ਸ਼ਹਿਰੀ ਸੁਧਾਰਾਂ ਅਤੇ ਸੁਧਾਰ ਦੇ ਹੋਰ ਪ੍ਰੋਗਰਾਮਾਂ ਅਤੇ ਨਸ਼ਾ ਵਿਰੋਧੀ ਮੁਹਿੰਮ ਲਈ ਗਰੁੱਪ ਦੀ ਅਗਵਾਈ ਦੀ ਜ਼ਿਮੇਵਾਰੀ ਮੁੱਖ ਮੰਤਰੀ ਨੇ ਖ਼ੁਦ ਹੀ ਸੰਭਾਲੀ ਹੈ।

ਸਰਕਾਰ ਵੱਲੋਂ ਜਾਰੀ ਕੀਤੀ ਸੂਚਨਾ ਅਨੁਸਾਰ ਮਹੱਤਵ ਪੂਰਨ ਸਕੀਮਾਂ ਲਾਗੂ ਕਰਨ ਵਿੱਚ ਤੇਜ਼ੀ ਲਈ ਮੁੱਖ ਮੰਤਰੀ ਨੇ ਅੱਠ ਸਲਾਹਕਾਰੀ ਗਰੁੱਪ ਬਣਾਉਣ ਦਾ ਹੁਕਮ ਦਿੱਤਾ ਹੈ। ਇਹ ਗਰੁੱਪ ਪ੍ਰੋਗਰਾਮਾਂ/ ਸਕੀਮਾਂ ਦੀ ਪ੍ਰਕਿਰਿਆ ਦਾ ਧਿਆਨ ਰੱਖਣ ਦੇ ਨਾਲ ਇਨ੍ਹਾਂ ਬਾਰੇ ਅਨੁਮਾਨ ਵੀ ਪੇਸ਼ ਕਰਨਗੇ, ਤਾਂ ਜੋ ਸੁਧਾਰ ਕਰਨ ਲਈ ਹੋਰ ਸਿਫਾਰਸ਼ਾਂ ਕੀਤੀਆਂ ਜਾ ਸਕਣ ਅਤੇ ਇਹ ਗਰੁੱਪ ਪ੍ਰੋਗਰਾਮਾਂ ਤੇ ਸਕੀਮਾਂ ਦੇ ਮੌਜੂਦਾ ਪੱਧਰ ਨੂੰ ਚੁੱਕਣ ਲਈ ਵੀ ਸਿਫਾਰਸ਼ਾਂ ਕਰਨਗੇ ਤਾਂ ਜੋ ਭਾਈਚਾਰਿਆਂ ਤੇ ਆਮ ਲੋਕਾਂ ਦੀ ਇਨ੍ਹਾਂ ਵਿਚ ਭਾਈਵਾਲੀ ਕਰਾਉਣ ਦਾ ਯਤਨ ਕੀਤਾ ਜਾ ਸਕੇ। ਮੁੱਖ ਮੰਤਰੀ ਦਫ਼ਤਰ ਵੱਲੋਂ ਜਾਰੀ ਕੀਤੀ ਸੂਚਨਾ ਅਨੁਸਾਰ ਇਹ ਗਰੁੱਪ ਲੋੜ ਮੁਤਾਬਕ ਮੀਟਿੰਗਾਂ ਕਰਨਗੇ ਅਤੇ ਦਿੱਤੇ ਗਏ ਕਾਰਜ ਚਾਰ ਹਫਤਿਆਂ ਵਿਚ ਮੁਕੰਮਲ ਹੋਣੇ ਯਕੀਨੀ ਬਣਾਉਣ ਪਿੱਛੋਂ ਆਪਣੀਆਂ ਰਿਪੋਰਟਾਂ ਮੁੱਖ ਮੰਤਰੀ ਨੂੰ ਪੇਸ਼ ਕਰਨਗੇ।



ਮੁੱਖ ਮੰਤਰੀ ਦਾ ਕਹਿਣਾ ਹੈ ਕਿ ਰਾਜ ਸਰਕਾਰ ਨੇ ਆਪਣੇ ਪਿਛਲੇ ਦੋ ਸਾਲਾਂ ਵਿਚ ਬਹੁਤ ਸਾਰੀਆਂ ਗਰੀਬ-ਪੱਖੀ ਸਕੀਮਾਂ ਤੇ ਪ੍ਰੋਗਰਾਮ ਇਸ ਰਾਜ ਦੇ ਲੋਕਾਂ ਨਾਲ ਕੀਤੀ ਵਚਨਬੱਧਤਾ ਦੇ ਅਧਾਰ ਉੱਤੇ ਆਰੰਭੇ ਹਨ ਇਨ੍ਹਾਂ ਦੇ ਚੰਗੇ ਨਤੀਜੇ ਸਾਹਮਣੇ ਆਏ ਹਨ, ਪਰ ਵੱਖ ਵੱਖ ਇਲਾਕਿਆਂ ਤੋਂ ਇਹ ਗੱਲ ਪਤਾ ਲੱਗੀ ਹੈ ਕਿ ਚੁਣੇ ਹੋਏ ਪ੍ਰਤੀਨਿਧਾਂ ਤੇ ਭਾਈਚਾਰਿਆਂ ਦੀ ਇਨ੍ਹਾਂ ਨੂੰ ਲਾਗੂ ਕਰਨ ਵਿਚ ਭਾਈਵਾਲੀ ਹੋਰ ਪ੍ਰਭਾਵੀ ਬਣਾਏ ਜਾਣ ਦੀ ਲੋੜ ਹੈ। ਸ਼ਹਿਰੀ ਸੁਧਾਰ ਅਤੇ ਹੋਰ ਸੁਧਾਰਾਂ ਬਾਰੇ ਸਲਾਹਕਾਰੀ ਗਰੁੱਪ, ਜਿਸ ਦੇ ਕਾਰਜ ਖੇਤਰ ਵਿਚ ਸਮਾਰਟ ਸਿਟੀ, ਯੂ ਈ ਆਈ ਪੀ ਅਤੇ ਹੁਡਕੋ ਸ਼ਾਮਲ ਹਨ, ਦੇ ਮੁਖੀ ਮੁੱਖ ਮੰਤਰੀ ਖੁਦ ਹੀ ਹੋਣਗੇ ਅਤੇ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਸੁਖਬਿੰਦਰ ਸਿੰਘ ਸਰਕਾਰੀਆ, ਵਿਜੇ ਇੰਦਰ ਸਿੰਗਲਾ, ਭਾਰਤ ਭੂਸ਼ਣ ਆਸ਼ੂ, ਵਿਧਾਇਕ ਪਰਗਟ ਸਿੰਘ, ਸੁਸ਼ੀਲ ਕੁਮਾਰ ਰਿੰਕੂ, ਸੁਨੀਲ ਦੱਤੀ, ਅੰਮ੍ਰਿਤ ਵਿੱਜ, ਗੁਰਕੀਰਤ ਸਿੰਘ ਕੋਟਲੀ, ਸੁਰਿੰਦਰ ਕੁਮਾਰ ਡਾਵਰ ਅਤੇ ਡਾ. ਹਰਜੋਤ ਕਮਲ ਸਿੰਘ ਇਸ ਦੇ ਮੈਂਬਰ ਬਣਾਏ ਗਏ ਹਨ। ਇਸ ਗਰੁੱਪ ਦਾ ਵੱਧ ਮਹੱਤਵ ਗਿਣਿਆ ਜਾਂਦਾ ਹੈ।

ਨਸ਼ਿਆਂ ਨੂੰ ਰੋਕਣ ਬਾਰੇ ਸਲਾਹਕਾਰੀ ਗਰੁੱਪ ਦੇ ਮੁਖੀ ਵੀ ਖੁਦ ਮੁੱਖ ਮੰਤਰੀ ਹੀ ਹਨ ਅਤੇ ਬਲਬੀਰ ਸਿੰਘ ਸਿੱਧੂ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਵਿਜੇ ਇੰਦਰ ਸਿੰਗਲਾ, ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਅਤੇ ਏ ਡੀ ਜੀ ਪੀ, ਸਪੈਸ਼ਲ ਟਾਸਕ ਫੋਰਸ ਗੁਰਪ੍ਰੀਤ ਕੌਰ ਦਿਓ ਇਸ ਦੇ ਮੈਂਬਰ ਬਣਾਏ ਹਨ। ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਮਾਫ਼ੀ ਦੇ ਸਲਾਹਕਾਰ ਗਰੁੱਪ ਵਿਚ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੇਅਰਮੈਨ, ਗੁਰਪ੍ਰੀਤ ਸਿੰਘ ਕਾਂਗੜ ਤੇ ਸਾਧੂ ਸਿੰਘ ਧਰਮਸ਼ੋਤ ਨੂੰ ਮੈਂਬਰ ਬਣਾਇਆ ਹੈ। ਵਿਆਪਕ ਸਿਹਤ ਬੀਮਾ ਬਾਰੇ ਗਰੁੱਪ ਦੇ ਚੇਅਰਮੈਨ ਬਲਬੀਰ ਸਿੰਘ ਸਿੱਧੂ ਹੋਣਗੇ, ਅਰੁਣਾ ਚੌਧਰੀ ਇਸ ਦੇ ਮੈਂਬਰ ਬਣਾਏ ਹਨ। ਘਰ-ਘਰ ਰੁਜ਼ਗਾਰ ਗਰੁੱਪ ਦਾ ਮੁਖੀ ਚਰਨਜੀਤ ਸਿੰਘ ਚੰਨੀ ਨੂੰ ਬਣਾਇਆ ਅਤੇ ਬਲਬੀਰ ਸਿੰਘ ਸਿੱਧੂ ਅਤੇ ਸੁੰਦਰ ਸ਼ਾਮ ਅਰੋੜਾ ਇਸ ਦੇ ਮੈਂਬਰ ਬਣਾਏ ਗਏ ਹਨ।

## ਜੱਗੀ ਜੌਹਲ ਸਮੇਤ ਸਾਰੇ ਖਤਰਨਾਕ ਦੋਸ਼ੀ ਜ਼ਿਲ੍ਹਾ ਜੇਲ੍ਹ ਤੋਂ ਤਿਹਾੜ ਵਿੱਚ ਤਬਦੀਲ

ਨਾਭਾ, 9 ਜੂਨ (ਪੋਸਟ ਬਿਊਰੋ)- ਹਿੰਦੂ ਨੇਤਾਵਾਂ ਦੇ ਕਤਲਾਂ ਦੀਆਂ ਸਾਜ਼ਿਸ਼ਾਂ ਵਿੱਚ ਸ਼ਾਮਲ ਟਾਰਗੈਟ ਕਿਲਿੰਗ ਕੇਸਾਂ ਵਿੱਚ ਪੰਜਾਬ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ 11 ਖਤਰਨਾਕ ਗਿਣੇ ਜਾਂਦੇ ਦੋਸ਼ੀਆਂ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ, ਧਰਮਿੰਦਰ ਸਿੰਘ ਉਰਫ ਗੁਗਨਾਨੀ ਪੁੱਤਰ ਬਲਵੰਤ ਸਿੰਘ, ਅਨਿਲ ਕਾਲਾ ਪੁੱਤਰ ਭਗਵਾਨ ਦਾਸ (ਲੁਧਿਆਣਾ), ਅਮਨਿੰਦਰ ਸਿੰਘ ਪੁੱਤਰ ਸਤਵੀਰ ਸਿੰਘ, ਮਨਪ੍ਰੀਤ ਸਿੰਘ ਪੁੱਤਰ ਬਹਾਦਰ ਸਿੰਘ, ਰਮਨਦੀਪ ਸਿੰਘ ਉਰਫ ਬੱਗਾ ਪੁੱਤਰ ਗੁਰਦੇਵ ਸਿੰਘ, ਪ੍ਰਵੇਸ਼ ਫਰੂ ਪੁੱਤਰ ਖਲੀਲ, ਰਵੀ ਪਾਲ ਪੁੱਤਰ ਅਮਰਜੀਤ ਰਾਮ ਤੇ ਪਹਾੜ ਸਿੰਘ ਪੁੱਤਰ ਸਰੂਪ ਸਿੰਘ ਨੂੰ ਪਟਿਆਲਾ ਪੁਲਸ ਲਾਈਨ ਤੋਂ ਆਈ ਵੱਡੀ ਗਿਣਤੀ ਪੁਲਸ ਫੋਰਸ ਨੇ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਤਿਹਾੜ ਜੇਲ੍ਹ ਵਿੱਚ ਸ਼ਿਫਟ ਕੀਤਾ ਹੈ। ਗੈਂਗਸਟਰਾਂ ਹਰਦੀਪ ਸ਼ੇਰਾ ਤੇ ਮਲਿਕ ਤੋਮਰ ਨੂੰ ਵੀ ਦਿੱਲੀ ਭੇਜ ਦਿੱਤਾ ਗਿਆ ਹੈ, ਜਿਸ ਨਾਲ ਪੰਜਾਬ ਪੁਲਸ, ਸੁਰੱਖਿਆ ਏਜੰਸੀਆਂ ਅਤੇ ਜੇਲ੍ਹ ਵਿਭਾਗ ਨੇ ਸੁੱਖ ਦਾ ਸਾਹ ਲਿਆ ਹੈ।

ਵਰਨਣ ਯੋਗ ਹੈ ਕਿ ਟਾਰਗੈਟ ਕਿਲਿੰਗ ਮਾਮਲਿਆਂ ਵਿੱਚ ਦੋਸ਼ੀ ਰਮਨਜੀਤ ਉਰਫ ਰੋਮੀ ਨੂੰ ਹਾਂਗਕਾਂਗ ਵਿੱਚ ਇੱਕ ਡਕੈਤੀ ਮਾਮਲੇ ਵਿੱਚ ਜਨਵਰੀ 2018 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਪੰਜਾਬ ਲਿਆਉਣ ਲਈ ਯਤਨ ਜਾਰੀ ਹਨ। ਸਥਾਨਕ ਮੈਕਸੀਮਮ ਸਕਿਓਰਿਟੀ ਜ਼ਿਲ੍ਹਾ ਜੇਲ੍ਹ ਵਿੱਚ ਇਸ ਸਮੇਂ ਬਲਵੀਰ ਸਿੰਘ ਭੂਤਨਾ ਤੇ ਲਾਲ ਸਿੰਘ ਸਮੇਤ ਦੋ ਦਰਜਨ ਤੋਂ ਵੱਧ ਖਾੜਕੂ ਅਤੇ ਖਤਰਨਾਕ ਗੈਂਗਸਟਰ ਬੰਦ ਹਨ। ਨਾਭਾ ਜੇਲ੍ਹ ਬ੍ਰੇਕ ਦਾ ਭਗੌੜਾ ਖਾੜਕੂ ਕਸ਼ਮੀਰ ਸਿੰਘ ਅਜੇ ਵੀ 30 ਮਹੀਨੇ ਗੁਜ਼ਰਨ ਦੇ ਬਾਵਜੂਦ ਪੁਲਸ ਦੀ ਗ੍ਰਿਫਤ ਤੋਂ ਦੂਰ ਹੈ। ਨਾਭਾ ਜੇਲ੍ਹ ਦੇ ਜੈਮਰ ਨੂੰ ਅਜੇ ਤੱਕ ਸਰਕਾਰ ਚਾਰ ਜੀ ਡਾਟਾ ਅਨੁਸਾਰ ਅਪਡੇਟ ਨਹੀਂ ਕਰ ਸਕੀ ਅਤੇ ਨਾ ਇਥੇ ਸੁਰੱਖਿਆ ਅਮਲਾ ਪੂਰਾ ਕੀਤਾ ਹੈ।

ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਿਛਲੇ ਦਿਨੀਂ ਜੇਲ੍ਹ ਦਾ ਦੌਰਾ ਕਰ ਕੇ ਹਵਾਲਾਤੀਆਂ/ ਕੈਦੀਆਂ ਨਾਲ ਮੁਲਾਕਾਤ ਕੀਤੀ ਅਤੇ ਸਮੱਸਿਆਵਾਂ ਵੀ ਸੁਣੀਆਂ ਸਨ। ਇਸ ਜੇਲ੍ਹ ਵਿੱਚ 15 ਸਾਲਾਂ ਬਾਅਦ ਕਿਸੇ ਜੇਲ੍ਹ ਮੰਤਰੀ ਨੇ ਆ ਕੇ ਕੈਦੀਆਂ/ ਹਵਾਲਾਤੀਆਂ ਦੀਆਂ ਸਮੱਸਿਆਵਾਂ ਸੁਣੀਆਂ ਹਨ। ਉਨ੍ਹਾਂ ਜੇਲ੍ਹ ਸੁਪਰਡੈਂਟ ਇਕਬਾਲ ਸਿੰਘ ਬਰਾੜ ਦੇ ਡਿਪਟੀ ਸੁਪਰਡੈਂਟ ਰਾਹੁਲ ਰਾਜਾ ਨੂੰ ਨਿਰਦੇਸ਼ ਦਿੱਤਾ ਕਿ ਸਮੇਂ ਸਮੇਂ ਸਿਰ ਮੈਡੀਕਲ ਕੈਂਪ ਲਾ ਕੇ ਹਵਾਲਾਤੀਆਂ ਦੀ ਸਿਹਤ ਦਾ ਖਿਆਲ ਰੱਖਿਆ ਜਾਵੇ ਤਾਂ ਜੋ ਉਹ ਰਿਹਾਈ ਸਮੇਂ ਚੰਗੇ ਸਿਹਤਮੰਦ ਨਾਗਰਿਕ ਬਣ ਸਕਣ।

## ਬਲਾਤਕਾਰ ਕੇਸਾਂ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕੋਰਟ ਦੇ ਚੀਫ ਜੱਜ ਨੂੰ ਪੱਤਰ ਲਿਖਿਆ

ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਲਾਤਕਾਰ ਕੇਸਾਂ ਦੀ ਸੁਣਵਾਈ 'ਚ ਦੇਰੀ 'ਤੇ ਚਿੰਤਾ ਪ੍ਰਗਟ ਕਰਦਿਆਂ ਇਨ੍ਹਾਂ ਕੇਸਾਂ ਵਿੱਚ ਤੇਜ਼ੀ ਨਾਲ ਕਾਰਵਾਈ ਲਈ ਪੰਜਾਬ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਨੂੰ ਫਾਸਟ ਟਰੈਕ ਵਿਧੀ ਵਿਧਾਨ ਸਥਾਪਤ ਕਰਨ ਦੀ ਅਪੀਲ ਕੀਤੀ ਹੈ।

ਇਸ ਸੰਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਅਜਿਹੇ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਨੂੰ ਮੁਕੰਮਲ ਕਰਵਾਉਣ ਲਈ ਆਪਣੇ ਅਧਿਕਾਰ ਹੇਠਲੀਆਂ ਸੰਬੰਧਤ ਅਦਾਲਤਾਂ ਨੂੰ ਸਲਾਹ ਦੇਣ ਲਈ ਕਿਹਾ ਹੈ। ਉਨ੍ਹਾਂ ਨੇ ਸੰਗਰੂਰ ਪੁਲਸ ਦੇ ਧੂਰੀ ਵਿੱਚ ਨਾਬਾਲਗ ਨਾਲ ਬਲਾਤਕਾਰ ਦੇ ਕੇਸ ਵਿੱਚ ਸੱਤ ਦਿਨਾਂ ਵਿੱਚ ਚਾਰਜਸ਼ੀਟ ਦਾਇਰ ਹੋਣ ਪਿੱਛੋਂ ਚੀਫ ਜੱਜ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਇਨ੍ਹਾਂ ਕੇਸਾਂ ਵਿੱਚ ਤੇਜ਼ੀ ਨਾਲ ਕਾਰਵਾਈ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਛੇਤੀ ਨਿਆਂ ਦੇ ਹੇਠ ਲਿਆਉਣਾ ਯਕੀਨੀ ਬਣਾਇਆ ਜਾ ਸਕੇ। ਕੈਪਟਨ ਅਮਰਿੰਦਰ ਸਿੰਘ ਨੇ ਫੌਜਦਾਰੀ ਕਾਨੂੰਨ ਦੀ ਧਾਰਾ 174 (1-ਏ) ਦੀ ਸੋਧੀ ਵਿਵਸਥਾ ਵੱਲ ਚੀਫ ਜੱਜ ਦਾ ਧਿਆਨ ਲਿਆਂਦਾ, ਜਿਸ ਵਿੱਚ ਇੰਡੀਅਨ ਪੀਨਲ ਕੋਡ ਦੀ ਧਾਰਾ 376, 376ਏ, 376 ਬੀ, 376 ਸੀ, 376 ਈ ਹੇਠ ਦਰਜ ਕੇਸਾਂ ਵਿੱਚ ਜਾਂਚ ਲਈ ਸਮਾਂ ਸੀਮਾ ਮਿਥੀ ਗਈ ਹੈ। ਮੁੱਖ ਮੰਤਰੀ ਨੇ ਪੱਤਰ ਵਿੱਚ ਲਿਖਿਆ ਹੈ ਕਿ ਸੂਬਾ ਪੁਲਸ ਨੂੰ ਅਜਿਹੇ ਅਪਰਾਧਾਂ ਨਾਲ ਸੰਬੰਧਤ ਕੇਸਾਂ ਦੀ ਪੜਤਾਲ ਨਿਰਧਾਰਤ ਸਮਾਂ ਸੀਮਾ ਵਿੱਚ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਹਨ, ਪਰ ਇਹ ਦੇਖਿਆ ਗਿਆ ਹੈ ਕਿ ਅਜਿਹੇ ਕੇਸਾਂ ਵਿੱਚ ਪੜਤਾਲ ਸਮੇਂ ਸਿਰ ਮੁਕੰਮਲ ਹੋਣ ਦੇ ਬਾਵਜੂਦ ਅਦਾਲਤਾਂ ਵਿੱਚ ਮੁਕੱਦਮੇ ਮਿਥੇ ਸਮੇਂ ਤੋਂ ਵੱਧ ਸਮਾਂ ਲੈਂਦੇ ਹਨ।

## ਜਸਪਾਲ ਕਤਲ ਕੇਸ ਦੇ ਮੁੱਖ ਦੋਸ਼ੀ ਦੀ ਗ੍ਰਿਫਤਾਰੀ ਪਿੱਛੋਂ ਪਰਵਾਰ ਤੇ ਪੁਲਿਸ ਦਾ ਸਮਝੌਤਾ

ਫ਼ਰੀਦਕੋਟ, 9 ਜੂਨ, (ਪੋਸਟ ਬਿਊਰੋ)- ਬੀਤੀ 18 ਮਈ ਨੂੰ ਪੁਲਿਸ ਹਿਰਾਸਤ ਵਿੱਚ ਮਾਰੇ ਦੱਸੇ ਜਾਂਦੇ ਜਸਪਾਲ ਸਿੰਘ ਦੇ ਪਰਵਾਰ ਅਤੇ ਪੁਲਿਸ ਦਾ ਅੱਜ ਸਮਝੌਤਾ ਹੋ ਗਿਆ ਤੇ ਇਸ ਪਿੱਛੋਂ ਪਰਵਾਰ ਨੇ ਧਰਨਾ ਚੁੱਕ ਲਿਆ ਹੈ। ਜਸਪਾਲ ਸਿੰਘ ਨੇ ਪਰਵਾਰ ਨੇ ਇਹ ਫ਼ੈਸਲਾ ਮੁੱਖ ਦੋਸ਼ੀ ਰਣਧੀਰ ਸਿੰਘ ਦੀ ਗ੍ਰਿਫ਼ਤਾਰੀ ਹੋਣ ਪਿੱਛੋਂ ਲਿਆ ਹੈ। ਉਂਜ ਜਸਪਾਲ ਸਿੰਘ ਦੀ ਲਾਸ਼ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ। ਪਤਾ ਲੱਗਾ ਹੈ ਕਿ ਪ੍ਰਸ਼ਾਸਨ ਨੇ ਜਸਪਾਲ ਸਿੰਘ ਦੇ ਪਰਵਾਰ ਨੂੰ ਪੰਜ ਲੱਖ ਰੁਪਏ ਮਾਲੀ ਮਦਦ ਤੇ ਨੌਕਰੀ ਦੇਣ ਦਾ ਭਰੋਸਾ ਵੀ ਦਿਤਾ ਹੈ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਇਨਸਾਫ਼ ਦੀ ਮੰਗ ਲਈ ਐਕਸ਼ਨ ਕਮੇਟੀ ਬਣਾਈ ਗਈ ਸੀ, ਜਿਸ ਵਿਚ ਵੱਖ-ਵੱਖ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਇਸ ਐਕਸ਼ਨ ਕਮੇਟੀ ਦਾ ਕਹਿਣਾ ਹੈ ਕਿ ਅਸੀਂ ਪਰਵਾਰ ਦੇ ਨਾਲ ਹਾਂ, ਪਰ ਸਮਝੌਤਾ ਕਰਨ ਦਾ ਫ਼ੈਸਲਾ ਸਿਰਫ ਪਰਵਾਰ ਦਾ ਹੈ। ਬੀਤੀ 18 ਮਈ ਨੂੰ ਨੌਜਵਾਨ ਜਸਪਾਲ ਸਿੰਘ ਦੀ ਪੁਲਿਸ ਹਿਰਾਸਤ ਵਿਚ ਮੌਤ ਹੋ ਗਈ ਤੇ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਪੁਲਿਸ ਹਿਰਾਸਤ ਵਿੱਚ ਖ਼ੁਦਕੁਸ਼ੀ ਕੀਤੀ ਸੀ। ਇਸ ਤੋਂ ਬਾਅਦ ਐੱਸ ਐੱਚ ਓ ਨਰਿੰਦਰ ਕੁਮਾਰ ਨੇ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ। ਜਸਪਾਲ ਸਿੰਘ ਦੀ ਮੌਤ ਦੇ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਸੀ, ਜਿਸ ਦੇ ਮੈਂਬਰ ਡੀ ਐਸ ਪੀ ਫ਼ਰੀਦਕੋਟ ਜਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਇਸ ਕੇਸ ਵਿਚ ਦੋ ਪੁਲਿਸ ਮੁਲਾਜ਼ਮਾਂ ਸਮੇਤ ਕੁੱਲ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁੱਖ ਦੋਸ਼ੀ ਰਣਧੀਰ ਸਿੰਘ ਦੀ ਪਤਨੀ ਪਰਵਿੰਦਰ ਕੌਰ ਪਹਿਲਾਂ ਹੀ ਪੁਲਿਸ ਦੀ ਹਿਰਾਸਤ ਵਿਚ ਹੈ।

### ਬਰਗਾੜੀ-ਬਹਿਬਲ ਕਲਾਂ ਕਾਂਡ

## ਕੁੰਵਰ ਵਿਜੇ ਪ੍ਰਤਾਪ ਨੇ ਕਿਹਾ, ਚਾਰਜਸ਼ੀਟ ਅੰਤਰਰਾਸ਼ਟਰੀ ਪੱਧਰ ਦੀ ਹੈ, ਕੋਈ ਦੋਸ਼ੀ ਨਹੀਂ ਬਚੇਗਾ

ਫਰੀਦਕੋਟ, 9 ਜੂਨ, (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਇਸ ਜ਼ਿਲੇ ਦੇ ਪਿੰਡ ਬਰਗਾੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਅਤੇ ਇਸ ਪਿੱਛੋਂ ਰੋਸ ਕਰਦੀ ਸੰਗਤ ਉੱਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਵਿੱਚ ਪੁਲਸ ਗੋਲੀ ਚੱਲਣ ਦੀਆਂ ਘਟਨਾਵਾਂ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਡਿਪਟੀ ਮੁਖੀ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਪੇਸ਼ ਕੀਤੀ ਚਾਰਜਸ਼ੀਟ ਅੰਤਰਰਾਸ਼ਟਰੀ ਪੱਧਰ ਦੀ ਹੈ, ਜਿਸ ਵਿਚ ਹਰ ਕਿਸਮ ਦੇ ਸਬੂਤ ਸ਼ਾਮਲ ਕੀਤੇ ਗਏ ਹਨ ਅਤੇ ਕਿਸੇ ਵੀ ਦੋਸ਼ੀ ਦਾ ਬਚ ਸਕਣਾ ਸੰਭਵ ਨਹੀਂ ਹੈ।



ਵਰਨਣ ਯੋਗ ਹੈ ਕਿ ਇਹ ਚਾਰਜਸ਼ੀਟ ਦਾਖਲ ਕਰਨ ਪਿੱਛੋਂ ਵਿਰੋਧੀਆਂ ਵੱਲੋਂ ਕੁੰਵਰ ਵਿਜੈ ਪ੍ਰਤਾਪ ਉੱਤੇ ਲਗਾਤਾਰ ਨਿਸ਼ਾਨਾ ਸੇਧਿਆ ਜਾ ਰਿਹਾ ਹੈ, ਜਿਸ ਦਾ ਉਹ ਨਿੱਜੀ ਪੱਧਰ ਉੱਤੇ ਜਵਾਬ ਦੇ ਰਹੇ ਹਨ। ਅੱਜ ਉਨ੍ਹਾਂ ਆਪਣੇ ਫੇਸਬੁੱਕ ਅਤੇ ਟਵਿੱਟਰ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਮੌਕੇ ਗੁਰਬਾਣੀ ਦੇ ਸ਼ਬਦਾਂ ਰਾਹੀਂ ਨਤ ਮਸਤਕ ਹੁੰਦੇ ਵਕਤ ਵੀ ਇਸ ਚਾਰਜਸ਼ੀਟ ਬਾਰੇ ਕਈ ਖਾਸ ਗੱਲਾਂ ਕੀਤੀਆਂ ਤੇ ਲਿਖਿਆ ਹੈ ਕਿ ਐੱਸ ਆਈ ਟੀ ਨੇ ਕੋਟਕਪੂਰਾ ਗੋਲੀ ਕਾਂਡ ਦੇ ਕੇਸ ਵਿਚ ਚਾਰਜਸ਼ੀਟ ਦਾ ਦੂਜਾ ਹਿੱਸਾ ਵੀ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ, ਜਿਸ ਵਿਚ ਦੋਸ਼ੀ ਪੁਲਿਸ ਅਫਸਰਾਂ ਦੇ ਖਿਲਾਫ਼ ਕੇਸ ਚਲਾਉਣ ਵਾਸਤੇ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੀ ਮਨਜ਼ੂਰੀ ਸ਼ਾਮਲ ਕੀਤੀ ਹੈ। ਇਸ ਬਾਰੇ ਪਹਿਲਾਂ ਤੋਂ ਦਾਖਲ ਕੀਤੀ ਜਾ ਚੁੱਕੀ ਚਾਰਜਸ਼ੀਟ ਦਾ ਪਹਿਲਾ ਚੈਪਟਰ ਇਸ ਮਨਜ਼ੂਰੀ ਨਾਲ ਖਤਮ ਹੋ ਗਿਆ ਹੈ ਤੇ ਦੂਸਰਾ ਸ਼ੁਰੂ ਹੋ ਚੁੱਕਾ ਹੈ। ਇਹ ਚਾਰਜਸ਼ੀਟ ਤਿਆਰ ਕਰਨ ਵਾਲੇ ਦਿਨ ਤੋਂ ਵਿਰੋਧੀਆਂ ਵੱਲੋਂ ਚੁੱਕੇ ਜਾਂਦੇ ਰਹੇ ਸਵਾਲਾਂ ਉੱਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ ਇਹ ਗੱਲ ਅਰਥ ਨਹੀਂ ਰਖਦੀ ਕਿ ਚਾਰਜਸ਼ੀਟ 23 ਮਈ ਜਾਂ 27 ਮਈ ਨੂੰ ਤਿਆਰ ਹੋਈ ਹੈ, ਇਸ ਗੱਲ ਦੇ ਅਰਥ ਹਨ ਕਿ ਉਨ੍ਹਾਂ ਦੀ ਇਸ ਚਾਰਜਸ਼ੀਟ ਦਾ ਪੱਧਰ ਰਾਸ਼ਟਰੀ ਨਾ ਹੋ ਕੇ ਅੰਤਰਰਾਸ਼ਟਰੀ ਹੈ ਤੇ ਇਸ ਕੇਸ ਵਿਚ ਦਾਖਲ ਕੀਤੀ ਗਈ ਚਾਰਜਸ਼ੀਟ ਦਾ ਪੱਧਰ ਯੂ ਐੱਸ ਏ, ਯੂ ਕੇ, ਫਰਾਂਸ ਅਤੇ ਜਰਮਨੀ ਵਿਚ ਹੋ ਰਹੀ ਅਹਿਮ ਕੇਸਾਂ ਦੀ ਜਾਂਚ ਦੇ ਮੁਕਾਬਲੇ ਵਾਲਾ ਹੈ।

## ਕਤਲ ਦੇ ਦੋਸ਼ੀਆਂ ਨੂੰ ਪਨਾਹ ਦੇਣ ਲਈ ਕਾਂਸਟੇਬਲ ਨਾਮਜ਼ਦ

ਤਰਨ ਤਾਰਨ, 9 ਜੂਨ (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਛੇਹਰਟਾ ਇਲਾਕੇ 'ਚ ਨੌਜਵਾਨ ਦੇ ਕਤਲ ਕੇਸ ਵਿੱਚ ਲੋੜੀਂਦੇ ਚਾਰ ਦੋਸ਼ੀਆਂ ਨੂੰ ਆਪਣੇ ਘਰ ਪਨਾਹ ਦੇਣ ਉਤੇ ਪੰਜਾਬ ਪੁਲਸ ਦੇ ਸਿਪਾਹੀ ਦੇ ਖਿਲਾਫ ਥਾਣਾ ਵੈਰੋਵਾਲ 'ਚ ਕੇਸ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਦੇ ਹੁਕਮਾਂ ਉਤੇ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਅੰਮ੍ਰਿਤਸਰ ਦੇ ਇਲਾਕਾ ਨਵੀਂ ਆਬਾਦੀ, ਫੈਜ਼ਪੁਰਾ ਵਿੱਚ ਅਸ਼ੀਸ਼ ਆਸ਼ੂ (ਪੁੱਤਰ ਰਾਜਵਿੰਦਰ ਸਿੰਘ) ਨੂੰ ਗੋਲੀਆਂ ਮਾਰਨ 'ਤੇ ਥਾਣਾ ਛੇਹਰਟਾ 'ਚ ਕੇਸ ਦਰਜ ਹੋਇਆ ਸੀ। 23 ਅਪ੍ਰੈਲ ਨੂੰ ਅਸ਼ੀਸ਼ ਦੀ ਇਲਾਜ ਦੌਰਾਨ ਮੌਤ ਹੋ ਗਈ ਤਾਂ ਪੁਲਸ ਨੇ ਉਸ ਕੇਸ ਵਿੱਚ ਧਾਰਾ 302 ਦਾ ਵਾਧਾ ਕਰ ਦਿੱਤਾ, ਜਦ ਕਿ 27 ਅਪ੍ਰੈਲ ਨੂੰ ਆਸ਼ੂ ਦੀ ਮਾਤਾ ਜੀਤ ਕੌਰ ਦੇ ਬਿਆਨਾਂ ਉਤੇ ਦੋ ਜਣਿਆਂ ਨੂੰ ਹੋਰ ਨਾਮਜ਼ਦ ਕਰਕੇ ਧਾਰਾ 120 ਨਾਲ ਲਾ ਦਿੱਤੀ ਗਈ। ਇਸ ਕੇਸ ਦੇ ਦੋਸ਼ੀ ਪਵਨਦੀਪ ਸਿੰਘ, ਕੁਸ਼ਲਪ੍ਰੀਤ ਸਿੰਘ, ਲਵਜੀਤ ਸਿੰਘ ਅਤੇ ਵਿਸ਼ਾਲ ਨੇ 29 ਅਪ੍ਰੈਲ ਨੂੰ ਅਦਾਲਤ ਵਿੱਚ ਸਮਰਪਣ ਕਰ ਦਿੱਤਾ। ਰਿਮਾਂਡ ਵਿੱਚ ਉਨ੍ਹਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਕਸੇਲ ਦਾ ਰੁਪਿੰਦਰ ਸਿੰਘ ਆਪਣੇ ਤਾਏ ਦੇ ਜਵਾਈ ਸਿਪਾਹੀ ਅਮਨਦੀਪ ਸਿੰਘ ਪਿੰਡ ਵੈਰੋਵਾਲ ਦੇ ਘਰ 17 ਅਪ੍ਰੈਲ ਨੂੰ ਛੱਡ ਕੇ ਆਇਆ ਸੀ। ਅਗਲੇ ਦਿਨ 18 ਅਪ੍ਰੈਲ ਨੂੰ ਅਮਨਦੀਪ ਸਿੰਘ ਨੇ ਉਨ੍ਹਾਂ ਚਾਰਾਂ ਨੂੰ ਰਈਆ ਦੀ ਬੱਸ ਚੜ੍ਹਾ ਦਿੱਤਾ। ਇਹ ਭੇਦ ਖੁੱਲ੍ਹ ਪਿੱਛੋਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਐਸ ਸ੍ਰੀਵਾਸਤਵਾ ਨੇ ਚਾਰ ਜੂਨ ਨੂੰ ਪੱਤਰ ਲਿਖ ਕੇ ਸਿਪਾਹੀ ਅਮਨਦੀਪ ਦੇ ਖਿਲਾਫ ਕਾਰਵਾਈ ਲਈ ਕਿਹਾ ਸੀ, ਜਿਸ ਉੱਤੇ ਥਾਣਾ ਵੈਰੋਵਾਲ ਦੀ ਪੁਲਸ ਨੇ ਸਿਪਾਹੀ ਅਮਨਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਜ਼ਮੀਨੀ ਵਿਵਾਦ ਵਿੱਚ ਬਜ਼ੁਰਗ ਉਤੇ ਟਰੈਕਟਰ ਚਾੜ੍ਹ ਕੇ ਮਾਰਿਆ

ਸੰਗਰੂਰ, 9 ਜੂਨ (ਪੋਸਟ ਬਿਊਰੋ)- ਪਿੰਡ ਸਿਧਾਨੀ ਵਿੱਚ ਜ਼ਮੀਨ ਦੇ ਵਿਵਾਦ ਵਿੱਚ ਇਕੋ ਪਰਵਾਰ ਦੇ ਦੋ ਪੱਖਾਂ ਦੀ ਖ਼ੂਨੀ ਝੜਪ ਵਿੱਚ ਬਜ਼ੁਰਗ ਦੀ ਮੌਤ ਹੋ ਗਈ। ਇਸ ਵਿੱਚ ਪੰਜ ਜਣੇ ਗੰਭੀਰ ਜ਼ਖਮੀ ਹੋਏ ਹਨ, ਜਿਨ੍ਹਾਂ ਨੂੰ ਜਾਖਲ ਦੇ ਹਸਪਤਾਲ ਭਰਤੀ ਕਰਵਾਇਆ ਗਿਆ ਅਤੇ ਮੁੱਢਲੇ ਇਲਾਜ ਪਿੱਛੋਂ ਅਗ੍ਰੋਹਾ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ।

ਗੁਰਦੀਪ ਸਿੰਘ ਉਰਫ ਦੀਪੂ ਨੇ ਦੱਸਿਆ ਕਿ ਉਹ ਖੇਤ ਵਿੱਚ ਕੰਮ ਕਰ ਰਿਹਾ ਸੀ ਤਾਂ ਮੇਜਰ ਸਿੰਘ, ਸੋਹਣ ਸਿੰਘ ਅਤੇ ਸੋਹਣ ਸਿੰਘ ਦੇ ਬੇਟੇ ਰਿਤਿਕ ਨੇ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਅਤੇ ਉਸ ਦੇ ਦਾਦਾ ਗੋਪੀ ਰਾਮ (80) ਪੁੱਤਰ ਸੁਗੜ ਰਾਮ 'ਤੇ ਟਰੈਕਟਰ ਚੜ੍ਹਾ ਕੇ ਉਨ੍ਹਾਂ ਨੂੰ ਮਾਰ ਦਿੱਤਾ। ਜ਼ਖਮੀ ਅਮਰੀਕ ਸਿੰਘ, ਉਸ ਦੇ ਪੁੱਤਰ ਗੁਰਦੀਪ ਸਿੰਘ ਦੀਪੂ ਤੇ ਰਿਸ਼ਤੇਦਾਰ ਰਾਜੇਸ਼ ਕੁਮਾਰ ਨੂੰ ਜ਼ਖਮੀ ਹਾਲਾਤ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਹਸਪਤਾਲ ਵਿੱਚ ਭਰਤੀ ਮੇਜਰ ਸਿੰਘ ਤੇ ਸੋਹਣ ਸਿੰਘ ਨੇ ਦੋਸ਼ ਲਾਇਆ ਕਿ ਅਮਰੀਕ ਸਿੰਘ ਅਤੇ ਉਸ ਦੇ ਕਈ ਸਾਥੀਆਂ ਨੇ ਉਨ੍ਹਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ ਹੈ। ਥਾਣਾ ਜਾਖਲ ਦੇ ਇੰਚਾਰਜ ਅਵਤਾਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੋਪੀ ਰਾਮ ਦੇ ਪੋਤੇ ਗੁਰਦੀਪ ਸਿੰਘ ਦੀਪੂ ਦੇ ਬਿਆਨਾਂ ਉੱਤੇ ਸੋਹਣ ਸਿੰਘ, ਉਸ ਦੇ ਪੁੱਤਰ ਰਿਤਿਕ ਅਤੇ ਭਰਾ ਮੇਜਰ ਸਿੰਘ ਦੇ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ।

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





# ਪ੍ਰਧਾਨ ਮੰਤਰੀ ਕਿਸਾਨ ਯੋਜਨਾ ਵਾਲਾ ਪੈਸਾ ਸਵਾ ਲੱਖ ਕਿਸਾਨਾਂ ਦੇ ਖਾਤੇ ਤੋਂ ਵਾਪਸ ਵੀ ਮੁੜ ਗਿਆ



ਨਵੀਂ ਦਿੱਲੀ, 9 ਜੂਨ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਤੋਂ ਪਹਿਲਾਂ ਬੜੀ ਤੇਜ਼ੀ ਨਾਲ ਚਾਲੂ ਕੀਤੀ ਅਤੇ ਪ੍ਰਚਾਰੀ ਜਾਂਦੀ ਰਹੀ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਰਾਹੀਂ ਕਿਸਾਨਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਪਾ ਦਿੱਤੇ ਗਏ ਸਨ, ਪਰ ਚੋਣਾਂ ਦੇ ਬਾਅਦ ਇਸ ਯੋਜਨਾ ਦਾ ਇੱਕ ਹੋਰ ਪੱਖ ਸਾਹ-ਮਣੇ ਆ ਗਿਆ ਅਤੇ ਲੋਕ ਹੈਰਾਨ ਹੋ ਗਏ ਹਨ। ਇਸ ਸੰਬੰਧ ਵਿੱਚ ਇੱਕ ਸਮੱਸਿਆ ਪੈਦਾ ਹੋ ਗਈ ਹੈ ਕਿ ਕਈ ਥਾਂਈਂ ਅਜੇ ਤੱਕ ਖੇਤ ਦਾਦੇ ਦੇ ਨਾਂ ਅਤੇ ਬੈਂਕ ਦਾ ਖਾਤਾ ਪੋਤੇ ਦੇ ਨਾਂ ਚੱਲਦਾ ਹੈ, ਕਾਗਜ਼ਾਂ ਵਿੱਚ ਕਿਸਾਨ ਦਾਦਾ ਹੈ, ਪਰ ਪੋਤੇ ਨੇ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦੇ ਪੈਸੇ ਲੈਣ ਲਈ ਆਪਣੇ ਬੈਂਕ ਖਾਤੇ ਦਾ ਵੇਰਵਾ ਦੇ ਦਿੱਤਾ ਹੈ। ਇਸੇ ਤਰ੍ਹਾਂ ਕਈ ਪਰਵਾਰਾਂ ਵਿੱਚ ਖੇਤ ਦੀ ਮਾਲਕ ਔਰਤ ਹੈ, ਪਰ ਪਤੀ ਨੇ ਯੋਜਨਾ ਦਾ ਲਾਭ ਲੈਣ ਵੇਲੇ ਆਪਣਾ ਬੈਂਕ ਖਾਤਾ ਲਿਖ ਦਿੱਤਾ ਹੈ। ਜਦੋਂ ਇਹ ਗੱਲ ਪਤਾ ਲੱਗੀ ਤਾਂ ਸਵਾ ਲੱਖ ਦੇ ਕਰੀਬ ਖਾਤਿਆਂ ਵਿਚੋਂ ਜਮ੍ਹਾਂ ਕਰਵਾਈ ਰਕਮ ਵਾਪਸ ਖਿੱਚ ਲਈ ਗਈ ਹੈ। ਇਸ ਕਾਰਨ ਕਈ ਥਾਂ ਰੌਲਾ-ਰੱਪਾ ਪਿਆ, ਪਰ ਖਾਤੇ ਦੀ ਉਲਝਣ ਦਾ ਪਤਾ ਲੱਗਦੇ ਸਾਰ ਲੋਕਾਂ ਨੇ ਚੁੱਪ ਧਾਰ ਲਈ ਹੈ।

ਭਾਰਤ ਦੇ ਖੇਤੀ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦੀਆਂ ਖਾਮੀਆਂ ਦੂਰ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਜੋ ਅਸਲ ਕਿਸਾਨਾਂ ਨੂੰ ਇਹ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਕਈ ਰਾਜਾਂ ਵਿੱਚ ਪਰਿਵਾਰ ਦੇ ਬਜ਼ੁਰਗ ਦੀ ਮੌਤ ਹੋਣ ਤੱਕ ਪਰਿਵਾਰ ਦੇ ਹੋਰ ਲੋਕਾਂ ਨੂੰ ਸਮਾਜੀ ਪੱਖੋਂ ਜ਼ਮੀਨ ਦਾ ਮਾਲਕੀ ਹੱਕ ਨਹੀਂ ਹੁੰਦਾ, ਸਗੋਂ ਪਰਿਵਾਰ ਦੇ ਲੋਕ ਆਪਸੀ ਸਹਿਮਤੀ ਨਾਲ ਜ਼ਮੀਨ ਵੰਡ ਕੇ ਖੇਤੀ ਕਰ ਲੈਂਦੇ ਹਨ। ਪ੍ਰਧਾਨ ਮੰਤਰੀ ਕਿਸਾਨ ਯੋਜਨਾ ਦਾ ਲਾਭ ਉਨ੍ਹਾਂ ਕਿਸਾਨਾਂ ਨੂੰ ਮਿਲਣਾ ਹੈ, ਜਿਨ੍ਹਾਂ ਕੋਲ ਜ਼ਮੀਨ ਦਾ ਮਾਲਿਕੀ ਹੱਕ ਹੈ।

ਯੋਜਨਾ ਦੀ ਸ਼ੁਰੂਆਤ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਈ ਤੇ ਇਸ ਦੇ ਇਕ ਕਰੋੜ ਲੋਕਾਂ ਦੇ ਬੈਂਕ ਖਾਤੇ ਵਿੱਚ ਇੱਕੋ ਵੇਲੇ ਯੋਜਨਾ ਦੀ ਪਹਿਲੀ ਕਿਸ਼ਤ ਦੋ-ਦੋ ਹਜ਼ਾਰ ਰੁਪਏ ਜਮ੍ਹਾਂ ਹੋ ਗਈ ਸੀ। ਮੰਤਰਾਲੇ ਦੇ ਅਧਿਕਾਰੀਆਂ ਦੇ ਮੁਤਾਬਕ ਕੁਲ 2.69 ਲੱਖ ਕਿਸਾਨਾਂ ਦੇ ਬੈਂਕ ਖਾਤੇ ਤੇ ਖੇਤ ਦੇ ਕਾਨੂੰਨੀ ਮਾਲਕ ਦੇ ਨਾਵਾਂ ਦਾ ਫ਼ਰਕ ਨਿਕਲਿਆ ਹੈ, ਪਰ ਸਾਰੇ ਕੇਸਾਂ ਦੀ ਤਸਦੀਕ ਤੋਂ ਪਹਿਲਾਂ 1.19 ਲੱਖ ਬੈਂਕ ਖਾਤੇ ਵਿੱਚ ਪਹਿਲੀ ਕਿਸ਼ਤ ਚਲੀ ਗਈ ਸੀ। ਫਿਰ 1.50 ਲੱਖ ਕਿਸਾਨਾਂ ਦੀਆਂ ਇਹੋ ਕਿਸ਼ਤਾਂ ਜਮ੍ਹਾਂ ਹੋਣ ਤੋਂ ਰੋਕ ਲਈਆਂ ਸਨ, ਪਰ ਅੰਕੜਿਆਂ ਦੀ ਤਸਦੀਕ ਤੇਜ਼ ਕਰਕੇ ਗ਼ਲਤੀ ਫੜੀ ਗਈ ਤੇ ਜਿਨ੍ਹਾਂ ਦੇ ਖਾਤੇ ਵਿੱਚ ਪੈਸੇ ਚਲੇ ਗਏ, ਉਨ੍ਹਾਂ ਦੇ ਬੈਂਕਾਂ ਨੂੰ ਹੁਕਮ ਭੇਜੇ ਗਏ ਸਨ ਕਿ ਤਸਦੀਕ ਹੋਣ ਤੱਕ ਪੈਸਾ ਰੋਕ ਲਿਆ ਜਾਵੇ। ਕਿਸਾਨ ਦੇ ਨਾਂ ਅਤੇ ਬੈਂਕ ਖਾਤੇ ਦਾ ਮਿਲਾਨ ਨਾ ਹੋਣ ਉੱਤੇ ਪਹਿਲੀ ਕਿਸ਼ਤ ਦਾ ਭੇਜਿਆ ਪੈਸਾ ਵਾਪਸ ਲੈ ਲਿਆ ਗਿਆ ਹੈ। ਇਹੀ ਕਾਰਨ ਹੈ ਕਿ ਯੋਜਨਾ ਦੀ ਪਹਿਲੀ ਕਿਸ਼ਤ ਜਿੱਥੇ ਤਿੰਨ ਕਰੋੜ ਬੈਂਕ ਖਾਤਿਆਂ ਨੂੰ ਭੇਜੀ ਗਈ, ਓਥੇ ਦੂਸਰੀ ਕਿਸ਼ਤ 2.66 ਕਰੋੜ ਖਾਤਿਆਂ ਨੂੰ ਹੀ ਭੇਜੀ ਗਈ ਹੈ।

# ਯੂ ਪੀ ਦੇ ਮੁੱਖ ਮੰਤਰੀ ਯੋਗੀ ਬਾਰੇ ਬਹਿਸ ਪਿੱਛੋਂ ਚੈਨਲ ਦਾ ਮਾਲਕ ਤੇ ਸੰਪਾਦਕ ਗ੍ਰਿਫਤਾਰ

ਨੋਇਡਾ, 9 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਸਿੰਘ ਵਿਰੁੱਧ ਇੱਕ ਔਰਤ ਵੱਲੋਂ ਲਾਏ ਗਏ ਦੋਸ਼ਾਂ ਉਤੇ ਸਬੂਤਾਂ ਦੀ ਜਾਂਚ ਦੇ ਬਿਨਾਂ ਬਹਿਸ ਕਰਾਉਣ 'ਤੇ ਪੁਲਸ ਨੇ ਨੋਇਡਾ ਸੈਕਟਰ 65 ਤੋਂ ਚੱਲਦੇ ਨਿੱਜੀ ਚੈਨਲ ਦੀ ਮਾਲਕ ਇਸ਼ਿਕਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ ਨੂੰ ਗ੍ਰਿਫਤਾਰ ਕਰ ਲਿਆ ਹੈ।



ਨਿੱਜੀ ਚੈਨਲ ਦੀ ਮਾਲਕ ਇਸ਼ਿਕਾ ਸਿੰਘ ਅਤੇ ਸੰਪਾਦਕ ਅਨੁਜ ਸ਼ੁਕਲਾ।

ਪਤਾ ਲੱਗਾ ਹੈ ਕਿ ਸ਼ੁੱਕਰਵਾਰ ਨੂੰ ਸਬ ਇੰਸਪੈਕਟਰ ਧਰਮਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਕੋਤਵਾਲੀ ਫੇਜ਼ ਤਿੰਨ ਵਿੱਚ ਸ਼ਿਕਾਇਤ ਦਰਜ ਕੀਤੀ ਗਈ ਅਤੇ ਇਸ ਕੇਸ ਵਿੱਚ ਸੋਸ਼ਲ ਮੀਡੀਆ ਉੱਤੇ ਮੁੱਖ ਮੰਤਰੀ ਦੇ ਖਿਲਾਫ ਮੰਦਭਾਗੀ ਟਿੱਪਣੀ ਕਰਨ ਵਾਲੇ ਨੂੰ ਵੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਨੋਇਡਾ ਸੈਕਟਰ 65 ਦੇ ਬੀ ਬਲਾਕ ਵਿੱਚ ਕੱਲ੍ਹ ਚਲਾਏ ਜਾਂਦੇ ਨੇਸ਼ਨ ਲਾਈਵ ਨਿਊਜ਼ ਚੈਨਲ ਨੇ ਇੱਕ ਪੈਨਲ ਚਰਚਾ ਦਾ ਪ੍ਰੋਗਰਾਮ ਕਰਾਇਆ ਸੀ, ਜਿਸ ਵਿੱਚ ਕਾਨਪੁਰ ਦੀ ਇੱਕ ਔਰਤ ਵੱਲੋਂ ਲਾਏ ਦੋਸ਼ਾਂ ਬਾਰੇ ਚਰਚਾ ਹੋਈ ਸੀ। ਸਬੂਤਾਂ ਦੀ ਸਹੀ ਜਾਂਚ ਦੇ ਬਿਨਾਂ ਇਹ ਚਰਚਾ ਕੀਤੀ ਗਈ ਸੀ। ਇਸ ਤੋਂ ਇੱਕ ਪਾਰਟੀ ਦੇ ਕਾਰਕੁਨਾਂ ਵਿੱਚ ਰੋਸ ਸੀ ਅਤੇ ਸ਼ਿਕਾਇਤ ਮੁਤਾਬਕ ਚਰਚਾ ਦਾ ਇੱਕੋ-ਇੱਕ ਉਦੇਸ਼ ਇਹ ਸੀ ਕਿ ਇੱਕ ਪਾਰਟੀ ਦੇ ਵਰਕਰ ਭੜਕ ਜਾਣ। ਇਸ ਦਾ ਪ੍ਰਸਾਰਨ ਕਿਸੇ ਸਬੂਤ ਦੇ ਬਿਨਾਂ ਕੀਤਾ ਗਿਆ।

ਜ਼ਿਲਾ ਪੁਲਸ ਮੁਖੀ ਨੇ ਕਿਹਾ ਕਿ ਸਬੂਤਾਂ ਦੀ ਜਾਂਚ ਦੇ ਬਿਨਾਂ ਬਹਿਸ ਕਰਵਾਈ ਗਈ ਤੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਹੋਈ ਹੈ ਅਤੇ ਇਨ੍ਹਾਂ ਦੇ ਕੋਲ ਚੈਨਲ ਚਲਾਉਣ ਦਾ ਲਾਇਸੈਂਸ ਵੀ ਨਹੀਂ। ਇਸ ਔਰਤ ਦੇ ਦੋਸ਼ਾਂ ਬਾਰੇ ਮੁੱਖ ਮੰਤਰੀ ਯੋਗੀ ਆਦਿੱਤਯਨਾਥ ਉੱਤੇ ਟਵਿੱਟਰ ਅਤੇ ਫੇਸਬੁਕ ਉੱਤੇ ਮੰਦਭਾਗੀ ਟਿੱਪਣੀ ਕਰਨ ਵਾਲੇ ਪ੍ਰਸ਼ਾਂਤ ਜਗਦੀਸ਼ ਕਨੌਜੀਆ ਨਾਂਅ ਦੇ ਨੌਜਵਾਨ ਨੂੰ ਵੀ ਉੱਤਰ ਪ੍ਰਦੇਸ਼ ਪੁਲਸ ਨੇ ਦਿੱਲੀ ਦੇ ਵਿਨੋਦ ਨਗਰ ਤੋਂ ਗ੍ਰਿਫਤਾਰ ਕਰ ਲਿਆ ਹੈ।

## ਅਸਲਮ ਸ਼ੇਰ ਖਾਂ ਕਹਿੰਦੈ:

# ਮੈਨੂੰ ਦਿਓ ਖਾਂ ਕਾਂਗਰਸ ਦੀ ਪ੍ਰਧਾਨੀ, ਦੋ ਸਾਲਾਂ ਵਿੱਚ ਲੀਹ ਉੱਤੇ ਲੈ ਆਵਾਂਗਾ



ਭੋਪਾਲ, 9 ਜੂਨ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਗੈਰ ਗਾਂਧੀ ਪਰਵਾਰ ਦੇ ਆਗੂ ਨੂੰ ਪਾਰਟੀ ਪ੍ਰਧਾਨ ਬਣਾਉਣ ਦੀ ਅਪੀਲ ਉਤੇ ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਹਾਕੀ ਖਿਡਾਰੀ ਤੇ ਓਲੰਪੀਅਨ ਅਸਲਮ ਸ਼ੇਰ ਖਾਨ ਅੱਗੇ ਆਏ ਹਨ। ਉਨ੍ਹਾਂ ਨੇ ਦੋ ਸਾਲ ਲਈ ਕਾਂਗਰਸ ਪ੍ਰਧਾਨ ਦੇ ਅਹੁਦੇ ਉਤੇ ਕੰਮ ਕਰਨ ਦੀ ਇੱਛਾ ਪ੍ਰਗਟਾਈ ਹੈ। ਅਸਲਮ ਸ਼ੇਰ ਖਾਨ ਨੇ ਰਾਹੁਲ ਗਾਂਧੀ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਤੁਹਾਡੀ ਇੱਛਾ ਦਾ ਸਨਮਾਨ ਕਰਦਿਆਂ ਮੈਂ ਇਹ ਹਿੰਮਤ ਕਰ ਰਿਹਾ ਹੈ, ਕਾਂਗਰਸ ਨੂੰ ਇਸ ਵੇਲੇ ਹਿੰਮਤ ਦੀ ਲੋੜ ਹੈ। ਰਾਹੁਲ ਗਾਂਧੀ ਦੇ ਪ੍ਰਧਾਨਗੀ ਦਾ ਅਹੁਦਾ ਛੱਡਣ ਦੇ ਐਲਾਨ ਤੋਂ ਬਾਅਦ ਖਾਨ ਪਹਿਲੇ ਨੇਤਾ ਹਨ, ਜਿਨ੍ਹਾਂ ਨੇ ਪ੍ਰਧਾਨਗੀ ਅਹੁਦੇ ਲਈ ਦਾਅਵਾ ਪੇਸ਼ ਕੀਤਾ ਹੈ। ਅਸਲਮ ਸ਼ੇਰ ਖਾਨ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਉਹ ਦੋ ਸਾਲ ਲਈ ਆਰਜ਼ੀ ਕਾਂਗਰਸ ਪ੍ਰਧਾਨ ਦੀ ਜ਼ਿੰਮੇਵਾਰੀ ਲੈਣ ਅਤੇ ਆਪਣੀਆਂ ਸੇਵਾਵਾਂ ਦੇਣ ਨੂੰ ਤਿਆਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਕ ਕੌਮਾਂਤਰੀ ਖਿਡਾਰੀ ਅਤੇ ਰਾਜਨੇਤਾ ਵਜੋਂ ਦੋਵਾਂ ਦਾ ਤਜਰਬਾ ਹੈ। ਇੱਕ ਅਖਬਾਰ ਨਾਲ ਨਾਲ ਗੱਲਬਾਤ 'ਚ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਉਹ ਹਾਕੀ ਵਿਸ਼ਵ ਕੱਪ ਵਿੱਚ ਆਖਰੀ ਸਮੇਂ ਵਿੱਚ ਮਿਲੇ ਮੌਕੇ 'ਤੇ ਭਾਰਤ ਨੂੰ ਬਰਾਬਰੀ ਉਤੇ ਲਿਆਏ ਸਨ ਅਤੇ 1992 'ਚ ਬਤੌਰ ਕੇਂਦਰੀ ਮੰਤਰੀ ਵਿਵਾਦਤ ਬਾਬਰੀ ਮਸਜਿਦ ਢਾਂਚਾ ਢਾਹੇ ਜਾਣ 'ਤੇ ਨਾਰਾਜ਼ ਮੁਸਲਮਾਨਾਂ ਨੂੰ ਕਾਂਗਰਸ ਦੇ ਪੱਖ ਵਿੱਚ ਕਰਨ 'ਚ ਕਾਮਯਾਬ ਰਹੇ ਸਨ, ਉਸੇ ਤਰ੍ਹਾਂ ਇਸ ਵੇਲੇ ਕਾਂਗਰਸ ਜਿਸ ਸਥਾਨ 'ਤੇ ਖੜੀ ਹੈ, ਉਸ ਨੂੰ ਅੱਗੇ ਵਧਾ ਲੈਣਗੇ। ਉਨ੍ਹਾਂ ਨੇ ਅਫਸੋਸ ਪ੍ਰਗਟਾਇਆ ਕਿ ਇਸ ਵੇਲੇ ਕਾਂਗਰਸ ਗਮ ਅਤੇ ਦੁੱਖ 'ਚ ਹੈ ਅਤੇ ਉਸ ਕੋਲ ਵਿਰੋਧੀ ਧਿਰ ਦਾ ਨੇਤਾ ਚੁਣੇ ਜਾਣ ਲਾਇਕ ਪਾਰਲੀਮੈਂਟ ਮੈਂਬਰ ਨਹੀਂ ਹਨ। ਕਾਂਗਰਸ ਨੂੰ ਰਾਸ਼ਟਰਵਾਦ ਨਾਲ ਜੁੜਨ ਦੀ ਲੋੜ ਹੈ।

# ਹਰਿਆਣਾ ਕਾਂਗਰਸ ਦੀ ਆਪਸੀ ਲੜਾਈ ਰਾਹੁਲ ਗਾਂਧੀ ਦੇ ਦਰ ਜਾ ਪੁੱਜੀ



ਚੰਡੀਗੜ੍ਹ, 9 ਜੂਨ (ਪੋਸਟ ਬਿਊਰੋ)- ਹਰਿਆਣਾ ਵਿੱਚ ਕਾਂਗਰਸ ਦਾ ਕਲੇਸ਼ ਵਧਦਾ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਹਮਾਇਤੀ ਵਿਧਾਇਕਾਂ ਨੇ ਮੌਜੂਦਾ ਸੂਬਾ ਪ੍ਰਧਾਨ ਡਾ. ਅਸ਼ੋਕ ਤੰਵਰ ਨੂੰ ਹਟਾਉਣ ਦੇ ਲਈ ਹਾਈ ਕਮਾਂਡ ਉੱਤੇ ਦਬਾਅ ਵਧਾ ਦਿੱਤਾ ਹੈ। ਕਾਂਗਰਸ ਦੇ 17 ਵਿਧਾਇਕਾਂ ਵਿੱਚੋਂ 13 ਤੰਵਰ ਨੂੰ ਹਟਾਉਣ ਦੇ ਹੱਕ 'ਚ ਹਨ। ਇਹ ਸਾਰੇ ਵਿਧਾਇਕ ਹੁੱਡਾ ਧੜੇ ਦੇ ਦੱਸੇ ਜਾਂਦੇ ਹਨ। ਉਹ ਕਹਿੰਦੇ ਹਨ ਕਿ ਜੇ 15 ਦਿਨਾਂ ਤੱਕ ਤੰਵਰ ਨੂੰ ਸੂਬਾ ਪ੍ਰਧਾਨਗੀ ਤੋਂ ਨਾ ਹਟਾਇਆ ਤਾਂ ਹੁੱਡਾ ਹਮਾਇਤੀ ਵਿਧਾਇਕ ਕੋਈ ਵੱਡਾ ਫੈਸਲਾ ਲੈ ਸਕਦੇ ਹਨ।

ਵਰਨਣ ਯੋਗ ਹੈ ਕਿ ਦਸ ਸਾਲ ਮੁੱਖ ਮੰਤਰੀ ਰਹੇ ਭੁਪਿੰਦਰ ਸਿੰਘ ਹੁੱਡਾ ਨੇ 9 ਜੂਨ ਨੂੰ ਦਿੱਲੀ 'ਚ ਆਪਣੇ ਖਾਸ ਹਮਾਇਤੀਆਂ ਦੀ ਬੈਠਕ ਬੁਲਾਈ ਹੈ। ਇਸ ਬੈਠਕ ਨੂੰ ਲੋਕ ਸਭਾ ਚੋਣਾਂ 'ਚ ਹੋਈ ਹਾਰ ਦੀ ਸਮੀਖਿਆ ਕਰਨ ਅਤੇ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਹੁੱਡਾ ਹਮਾਇਤੀ ਵਿਧਾਇਕ ਤੰਵਰ ਵਿਰੁੱਧ ਨਿੰਦਾ ਮਤਾ ਪਾਸ ਕਰਨ ਦੇ ਨਾਲ ਸਰਬ ਸੰਮਤੀ ਨਾਲ ਉਨ੍ਹਾਂ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰ ਸਕਦੇ ਹਨ।ਹੁੱਡਾ ਹਮਾਇਤੀ ਵਿਧਾਇਕਾਂ ਦਾ ਮੰਨਣਾ ਹੈ ਕਿ ਲੋਕ ਸਭਾ ਚੋਣਾਂ 'ਚ ਜਥੇਬੰਦਕ ਕਮੀਆਂ ਕਾਰਨ ਪਾਰਟੀ ਦੀ ਹਾਰ ਹੋਈ ਹੈ ਅਤੇ ਇਸ ਦਾ ਠੀਕਰਾ ਤੰਵਰ ਸਿਰ ਭੰਨਿਆ ਜਾ ਰਿਹਾ ਹੈ। ਉਨ੍ਹਾਂ ਵਿਰੁੱਧ ਨਿੰਦਾ ਮਤਾ ਇਸ ਲਈ ਲਿਆਂਦਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਨਵੀਂ ਦਿੱਲੀ 'ਚ ਕਾਂਗਰਸ ਬੈਠਕ ਤੋਂ ਬਾਅਦ ਰਾਈ ਤੋਂ ਵਿਧਾਇਕ ਜੈਤੀਰਥ ਦਹੀਆ ਨੂੰ ਗਾਲ੍ਹਾਂ ਦਿੱਤੀਆਂ ਹਨ।ਹਰਿਆਣਾ 'ਚ ਕਾਂਗਰਸ ਕਈ ਧੜਿਆਂ 'ਚ ਵੰਡੀ ਹੋਈ ਹੈ। ਰਣਦੀਪ ਸੁਰਜੇਵਾਲਾ, ਕੁਲਦੀਪ ਬਿਸ਼ਨੋਈ ਤੇ ਕੁਮਾਰੀ ਸ਼ੈਲਜਾ ਦਾ ਵੱਖਰਾ ਧੜਾ ਹੈ, ਜਦ ਕਿ ਤੰਵਰ ਧੜੇ ਨਾਲ ਕਿਰਨ ਚੌਧਰੀ, ਕੈਪਟਨ ਅਜੈ ਯਾਦਵ ਤੇ ਅਵਤਾਰ ਸਿੰਘ ਭੜਾਨਾ ਖੜੇ ਹਨ। ਇੰਜ ਹਰਿਆਣਾ ਕਾਂਗਰਸ ਦੇ ਕਈ ਧੜੇ ਸਰਗਰਮ ਹਨ।

# ਮਮਤਾ ਬੈਨਰਜੀ ਵੱਲੋਂ ਨੀਤੀ ਆਯੋਗ ਦੀ ਬੈਠਕ ਵਿੱਚ ਆਉਣ ਤੋਂ ਨਾਂਹ

ਕੋਲਕਾਤਾ, 9 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ 15 ਜੂਨ ਨੂੰ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੀ ਅਗਵਾਈ ਵਿੱਚ ਹੋਣ ਵਾਲੀ ਨੀਤੀ ਆਯੋਗ ਦੀ ਮੀਟਿੰਗ 'ਚ ਜਾਣ ਤੋਂ ਨਾਂਹ ਕਰ ਦਿੱਤੀ ਹੈ।

ਇਸ ਸੰਬੰਧ ਵਿਚ ਮਮਤਾ ਬੈਨਰਜੀ ਨੇ ਕਿਹਾ ਕਿ ਨੀਤੀ ਆਯੋਗ ਦੇ ਕੋਲ ਰਾਜਾਂ ਦੀ ਮਦਦ ਕਰਨ ਦੀ ਕੋਈ ਵਿੱਤੀ ਤਾਕਤ ਨਾ ਹੋਣ ਕਰਕੇ ਅਜਿਹੀਆਂ ਮੀਟਿੰਗਾਂ ਵਿਅਰਥ ਹਨ। ਉਨ੍ਹਾਂ ਨੇ ਇਸ ਤੋਂ ਪਹਿਲਾਂ 30 ਮਈ ਨੂੰ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਤੋਂ ਵੀ ਦੂਰੀ ਰੱਖੀ ਸੀ। ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖ ਕੇ ਨੀਤੀ ਆਯੋਗ ਦੀ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਦੇ ਆਪਣੇ ਫੈਸਲੇ ਬਾਰੇ ਦੱਸ ਦਿੱਤਾ ਹੈ। ਉਨ੍ਹਾਂ ਲਿਖਿਆ ਕਿ 'ਇਸ ਤੱਥ ਦੇ ਮੱਦੇਨਜ਼ਰ ਕਿ ਨੀਤੀ ਆਯੋਗ ਕੋਲ ਰਾਜਾਂ ਦੀਆਂ ਵੱਖ-ਵੱਖ ਯੋਜਨਾਵਾਂ ਦੀ ਮਦਦ ਲਈ ਕੋਈ ਵਿੱਤੀ ਤਾਕਤਾਂ ਨਹੀਂ ਹਨ, ਮੇਰਾ ਇਸ ਮੀਟਿੰਗ ਵਿੱਚ ਹਾਜ਼ਰੀ ਭਰਨਾ ਵਿਅਰਥ ਜਾਪਦਾ ਹੈ।' ਮੁੱਖ ਮੰਤਰੀ ਨੇ ਸਲਾਹ ਦਿੱਤੀ ਕਿ ਕੇਂਦਰ ਸਰਕਾਰ ਆਪਣਾ ਸਾਰਾ ਧਿਆਨ ਅੰਤਰਰਾਜੀ ਕੌਂਸਲ (ਆਈ ਐਸ ਸੀ) ਵੱਲ ਲਾ ਕੇ ਸਹਿਕਾਰੀ ਕੇਂਦਰਵਾਦ ਤੇ ਕੇਂਦਰ ਰਾਜ ਪ੍ਰਬੰਧ ਨੂੰ ਮਜ਼ਬੂਤ ਕਰੇ। ਉਨ੍ਹਾਂ ਕਿਹਾ, 'ਨੀਤੀ ਆਯੋਗ ਨਾਲ ਪਿਛਲੇ ਸਾਢੇ ਚਾਰ ਸਾਲ ਦੇ ਤਜਰਬੇ ਕਾਰਨ ਮੈਂ ਸੁਝਾਅ ਦਿਆਂਗੀ ਕਿ ਅਸੀਂ ਸੰਵਿਧਾਨ ਦੀ ਧਾਰਾ 263 ਤਹਿਤ ਗਠਿਤ ਅੰਤਰਰਾਜੀ ਕੌਂਸਲ ਵੱਲ ਧਿਆਨ ਧਰੀਏ।'

# ਕਸ਼ਮੀਰੀ ਪੰਡਿਤਾਂ ਨੇ ਸਿੱਖਾਂ ਨੂੰ ਘਰਾਂ ਵਿੱਚੋਂ ਕੱਢ ਕੇ ਕੁੱਟਿਆ

ਸ੍ਰੀਨਗਰ, 9 ਜੂਨ (ਪੋਸਟ ਬਿਊਰੋ)- ਮਾਈਕ੍ਰੋ ਬਲਾਗਿੰਗ ਸਾਈਟ ਟਵਿੱਟਰ 'ਤੇ ਇਕ ਵੀਡੀਓ ਅੱਜ ਕੱਲ੍ਹ ਬਹੁਤ ਸ਼ੇਅਰ ਹੋ ਰਿਹਾ ਹੈ। ਇਸ ਵਿੱਚ ਦਿੱਸ ਰਿਹਾ ਹੈ ਕਿ ਸ੍ਰੀਨਗਰ ਵਿੱਚ 300 ਦੇ ਕਰੀਬ ਕਸ਼ਮੀਰੀ ਪੰਡਿਤਾਂ ਨੇ ਸਿੱਖ ਭਾਈਚਾਰੇ ਨਾਲ ਸਬੰਧਤ ਸੱਤ ਪਰਵਾਰਾਂ ਨੂੰ ਨਿਸ਼ਾਨਾ ਬਣਾਇਆ ਹੈ।

ਵੀਡੀਓ ਸ਼ੇਅਰ ਕਰਨ ਵਾਲੇ ਵਿਅਕਤੀ ਦਾ ਕਹਿਣਾ ਹੈ ਕਿ ਪੱਥਰਾਂ ਅਤੇ ਲਾਠੀਆਂ ਨਾਲ ਲੈਸ ਕਸ਼ਮੀਰੀ ਪੰਡਿਤ ਸਿੱਖਾਂ ਨੂੰ ਮਾਈਗ੍ਰੈਂਟ ਅਪਾਰਟਮੈਂਟ ਵਿੱਚੋਂ ਜਬਰੀ ਬਾਹਰ ਕੱਢ ਰਹੇ ਹਨ। ਇਸ ਦੌਰਾਨ ਨਾ ਸਿਰਫ ਸਿੱਖਾਂ ਨਾਲ ਕੁੱਟਮਾਰ ਕੀਤੀ ਗਈ, ਸਗੋਂ ਸਿੱਖ ਭਾਈਚਾਰੇ ਦੀਆਂ ਔਰਤਾਂ ਨਾਲ ਬਦਸਲੂਕੀ ਵੀ ਕੀਤੀ ਗਈ। ਜੇਸ਼ ਉਬਰੋਈ ਨਾਂ ਦੇ ਵਿਅਕਤੀ ਨੇ ਆਪਣੇ ਟਵਿਟਰ ਹੈਂਡਲ ਰਾਹੀਂ ਵੀਡੀਓ ਨੂੰ ਸ਼ੇਅਰ ਕਰਦਿਆਂ ਲਿਖਿਆ ਕਿ ਹਾਈ ਕੋਰਟ ਦਾ ਹੁਕਮ ਹੋਣ ਦੇ ਬਾਵਜੂਦ ਪੁਲਸ ਕਸ਼ਮੀਰੀ ਪੰਡਿਤਾਂ ਦਾ ਸਾਥ ਦਿੰਦੀ ਨਜ਼ਰ ਆ ਰਹੀ ਹੈ। ਦੂਜੇ ਪਾਸੇ ਯੂ ਐਸ ਮੀਡੀਆ ਇੰਟਰਨੈਸ਼ਨਲ ਨਾਮੀ ਇਕ ਯੂ-ਟਿਊਬ ਚੈਨਲ 'ਤੇ ਵੀ ਉਕਤ ਘਟਨਾ ਦਾ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿੱਚ ਲੋਕ ਸਿੱਖ ਭਾਈਚਾਰੇ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਬਾਰੇ ਗੱਲਾਂ ਕਰਦੇ ਸੁਣ ਰਹੇ ਹਨ। ਵੀਡੀਓ ਵਿੱਚ ਸਾਫ ਨਜ਼ਰ ਆਉਂਦਾ ਹੈ ਕਿ ਕਿਸ ਤਰ੍ਹਾਂ ਮਾਈਗ੍ਰੈਂਟ ਅਪਾਰਟਮੈਂਟ ਦੇ ਬਾਹਰ ਸੈਂਕੜੇ ਲੋਕ ਜਮ੍ਹਾ ਹਨ ਅਤੇ ਕੁਝ ਪੁਲਸ ਮੁਲਾਜ਼ਮ ਇਕ ਸਿੱਖ ਨੂੰ ਜਬਰੀ ਘਰੋਂ ਬਾਹਰ ਕੱਢ ਰਹੇ ਹਨ। ਪੁਲਸ ਮੁਲਾਜ਼ਮਾਂ ਵੱਲੋਂ ਕੀਤੀ ਜਾ ਰਹੀ ਹੱਥੋਪਾਈ ਅਤੇ ਧੱਕਾਮੁੱਕੀ ਦਰਮਿਆਨ ਉਕਤ ਸਿੱਖ ਵਿਅਕਤੀ ਪੌੜੀਆਂ ਤੋਂ ਹੇਠਾਂ ਡਿੱਗ ਪੈਂਦਾ ਹੈ, ਜਿਸ ਪਿੱਛੋਂ ਆਸ ਪਾਸ ਖੜੇ ਲੋਕ ਪੁਲਸ ਨਾਲ ਭਿੜ ਪੈਂਦੇ ਹਨ।

# ਭਾਜਪਾ-ਤ੍ਰਿਣਮੂਲ ਸਮੱਰਥਕਾਂ ਦੇ ਹਿੰਸਕ ਸੰਘਰਸ਼ ਵਿੱਚ ਤਿੰਨ ਮੌਤਾਂ

ਕੋਲਕਾਤਾ, 9 ਜੂਨ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਚੋਣਾਂ ਪਿੱਛੋਂ ਵੀ ਸਿਆਸੀ ਹਿੰਸਾ ਚੱਲ ਰਹੀ ਹੈ। ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਸੰਦੇਸ਼ਖਾਲੀ ਇਲਾਕੇ ਵਿੱਚ ਝੰਡਾ ਖੋਲ੍ਹਣ ਬਾਰੇ ਕੱਲ੍ਹ ਸ਼ਾਮ ਤ੍ਰਿਣਮੂਲ ਤੇ ਭਾਜਪਾ ਸਮਰਥਕਾਂ 'ਚ ਭੇੜ ਹੋ ਗਿਆ। ਇਸ ਵਿੱਚ ਤਿੰਨ ਲੋਕਾਂ ਦੇ ਮਾਰੇ ਜਾਣੇ ਦੀ ਖਬਰ ਹੈ।

ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਤ੍ਰਿਣਮੂਲ ਕਾਂਗਰਸ ਦੇ ਪ੍ਰਧਾਨ ਤੇ ਸੈਕਟਰੀ ਜੋਤੀ ਪ੍ਰਿਯਾ ਮਲਿਕ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਵਰਕਰ ਕਿਊਮ ਮੌਲਾ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਗਈ ਅਤੇ ਤਿੰਨ ਹੋਰ ਵਰਕਰਾਂ ਦੀ ਹੱਤਿਆ ਕੀਤੀ ਗਈ ਹੈ ਤੇ ਦੋ ਲਾਪਤਾ ਹਨ। ਪੁਲਸ ਨੇ ਮ੍ਰਿਤਕਾਂ ਦੀ ਗਿਣਤੀ ਦੀ ਕੋਈ ਜਾਣਕਾਰੀ ਨਹੀਂ ਦਿੱਤੀ। ਦੱਸਿਆ ਗਿਆ ਹੈ ਕਿ ਭਾਜਪਾ ਦਾ ਝੰਡਾ ਖੋਲ੍ਹਣ ਤੋਂ ਤ੍ਰਿਣਮੂਲ ਤੇ ਭਾਜਪਾ ਸਮਰਥਕਾਂ ਦਾ ਵਿਵਾਦ ਸ਼ੁਰੂ ਹੋਇਆ ਤੇ ਫਿਰ ਇਹ ਵਧ ਗਿਆ। ਇਸ ਦੌਰਾਨ ਉਥੇ ਦੋਵਾਂ ਧੜਿਆਂ ਦੀ ਹੱਥੋਪਾਈ ਸ਼ੁਰੂ ਹੋ ਗਈ ਜਿਸ ਨਾਲ ਪੂਰਾ ਇਲਾਕਾ ਜੰਗ ਦਾ ਮੈਦਾਨ ਬਣ ਗਿਆ ਅਤੇ ਇਸ ਦੌਰਾਨ ਗੋਲੀਬਾਰੀ ਵੀ ਹੋਈ। ਇਸ ਘਟਨਾ ਵਿੱਚ ਕਈ ਲੋਕ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਇੱਕ ਜਣੇ ਦੀ ਮੌਤ ਹੋ ਗਈ।






# ਕੱਪੜੇ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਔਰਤ ਤੇ ਦੋ ਬੱਚਿਆਂ ਦੀ ਮੌਤ



ਫਰੀਦਾਬਾਦ, 9 ਜੂਨ (ਪੋਸਟ ਬਿਊਰੋ)- ਸਥਾਨਕ ਡੱਬੂਆ ਕਲੋਨੀ ਵਿੱਚ ਕੱਲ੍ਹ ਸਵੇਰੇ ਕੱਪੜੇ ਵੇਚਣ ਵਾਲੀ ਇੱਕ ਦੁਕਾਨ ਵਿੱਚ ਲੱਗੀ ਭਿਆਨਕ ਅੱਗ ਕਾਰਨ ਇੱਕ ਔਰਤ ਅਤੇ ਦੋ ਬੱਚਿਆਂ ਦੀ ਮੌਤ ਹੋ ਗਈ। ਇਸ ਸੰਬੰਧ ਵਿੱਚ ਮਿਲੇ ਵੇਰਵਿਆਂ ਮਤਾਬਕ ਜਿਸ ਦੁਕਾਨ ਨੂੰ ਇਹ ਅੱਗ ਲੱਗੀ, ਉਸ ਇਮਾਰਤ ਦੀ ਉੱਪਰਲੀ ਮੰਜ਼ਿਲ ਵਿੱਚ ਇੱਕ ਸਕੂਲ ਚੱਲਦਾ ਹੈ। ਉਥੇ ਸਾਹ ਘੁੱਟਣ ਨਾਲ ਤਿੰਨ ਜਣਿਆਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 27 ਸਾਲਾ ਨੀਤਾ, ਪੰਜ ਸਾਲਾ ਲੱਕੀ ਅਤੇ ਸੱਤ ਸਾਲਾ ਯਸ਼ਿਕਾ ਵਜੋਂ ਹੋਈ ਹੈ। ਜਿਨ੍ਹਾਂ ਨੌਜਵਾਨਾਂ ਨੇ ਉਨ੍ਹਾਂ ਤਿੰਨਾਂ ਨੂੰ ਬਾਹਰ ਕੱਢਿਆ, ਉਹ ਖੁਦ ਵੀ ਝੁਲਸ ਗਏ। ਸਕੂਲ ਵਿੱਚ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਉਥੇ ਬੱਚੇ ਨਹੀਂ ਸਨ। ਜੇ ਬੱਚੇ ਸਕੂਲ ਵਿੱਚ ਹੁੰਦੇ ਤਾਂ ਵੱਡਾ ਦੁਖਾਂਤ ਵਾਪਰ ਸਕਦਾ ਸੀ। ਸਥਾਨਕ ਲੋਕਾਂ ਨੇ ਪ੍ਰਸ਼ਾਸਨ ਵਿਰੁੱਧ ਉਕਤ ਔਰਤ ਤੇ ਦੋ ਬੱਚਿਆਂ ਦੀ ਮੌਤ ਲਈ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਲੋਕਾਂ ਦਾ ਦੋਸ਼ ਹੈ ਕਿ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਇਹ ਦੁਖਾਂਤ ਵਾਪਰਿਆ ਹੈ। ਪੁਲਸ ਨੇ ਮਾਮਲਾ ਦਰਜ ਕਰ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।








# ਥੈਰੇਸਾ ਮੇਅ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



* ਨਵੇਂ ਆਗੂ ਦੀ ਚੋਣ ਤੱਕ ਪ੍ਰਧਾਨ ਮੰਤਰੀ ਰਹੇਗੀ

ਲੰਡਨ, 9 ਜੂਨ, (ਪੋਸਟ ਬਿਊਰੋ)- ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਹਾਕਮ ਕੰਜ਼ਰਵੇਟਿਵ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅੱਜ ਸ਼ੁੱਕਰਵਾਰ ਅਸਤੀਫ਼ਾ ਦੇ ਦਿੱਤਾ ਹੈ। ਉਹ ਅਗਲੇ ਪ੍ਰਧਾਨ ਮੰਤਰੀ ਦੀ ਚੋਣ ਤਕ ਕਾਰਜਕਾਰੀ ਪ੍ਰਧਾਨ ਮੰਤਰੀ ਵਜੋਂ ਕੰਮ ਕਰਦੇ ਰਹਿਣਗੇ। ਥੈਰੇਸਾ ਮੇਅ ਨੇ ਬ੍ਰੈਗਜ਼ਿਟ (ਬ੍ਰਿਟੇਨ ਐਗਜ਼ਿਟ ਯੂਰਪੀਨ ਯੂਨੀਅਨ) ਸਮਝੌਤੇ ਉੱਤੇ ਪਾਰਲੀਮੈਂਟ ਵਿੱਚ ਕਈ ਵਾਰੀ ਨਾਕਾਮੀ ਪਿੱਛੋਂ ਪਿਛਲੇ ਮਹੀਨੇ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਦਾ ਐਲਾਨ ਕੀਤਾ ਸੀ।

ਥੈਰੇਸਾ ਮੇਅ ਦੇ ਅਸਤੀਫ਼ੇ ਪਿੱਛੋਂ ਉਨ੍ਹਾਂ ਦੀ ਪਾਰਟੀ ਦੇ ਨਵੇਂ ਨੇਤਾ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਚੱਲ ਰਹੀ ਹੈ। ਬੀਤੀ 23 ਮਈ ਨੂੰ ਅਸਤੀਫ਼ੇ ਦਾ ਐਲਾਨ ਕਰਦੇ ਹੋਏ ਥੈਰੇਸਾ ਮੇਅ ਨੇ ਆਪਣੇ ਭਾਵੁਕ ਸੰਬੋਧਨ ਵਿੱਚ ਕਿਹਾ ਸੀ, 'ਇਹ ਹਮੇਸ਼ਾ ਮੇਰੇ ਲਈ ਅਫ਼ਸੋਸ ਦਾ ਵਿਸ਼ਾ ਰਹੇਗਾ ਕਿ ਮੈਂ ਬ੍ਰੈਗਜ਼ਿਟ ਪ੍ਰਕਿਰਿਆ ਨੂੰ ਪੂਰਾ ਨਹੀਂ ਕਰ ਸਕੀ। ਅੱਗੋਂ ਇਹ ਨਵੇਂ ਪ੍ਰਧਾਨ ਮੰਤਰੀ ਦਾ ਜ਼ਿੰਮਾ ਹੋਵੇਗਾ ਕਿ ਉਹ ਇਸ ਨੂੰ ਅੱਗੇ ਵਧਾਉਣ।' ਥੈਰੇਸਾ ਮੇਅ ਜੂਨ 2016 ਵਿੱਚ ਡੇਵਿਡ ਕੈਮਰੂਨ ਦੇ ਅਸਤੀਫ਼ੇ ਦੇਣ ਪਿੱਛੋਂ ਪ੍ਰਧਾਨ ਮੰਤਰੀ ਬਣੇ ਸਨ। ਤਾਜ਼ਾ ਹਾਲਾਤ ਨਾਲ ਬ੍ਰੈਗਜ਼ਿਟ ਮਸਲਾ ਬ੍ਰਿਟੇਨ ਵਿੱਚ ਹੋਰ ਉਲਝ ਗਿਆ ਹੈ। ਨਵੇਂ ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੀਆਂ ਸ਼ਰਤਾਂ ਉੱਤੇ ਸਭ ਨੂੰ ਨਾਲ ਲੈ ਕੇ ਪਾਰਲੀਮੈਂਟ ਤੋਂ ਬਿੱਲ ਪਾਸ ਕਰਵਾਉਣ ਜਾਂ ਬਿਨਾਂ ਸ਼ਰਤ ਯੂਰਪੀ ਯੂਨੀਅਨ ਤੋਂ ਵੱਖ ਹੋਣ ਦਾ ਐਲਾਨ ਕਰਨ।

ਯੂਰਪੀ ਯੂਨੀਅਨ ਨੇ ਬ੍ਰਿਟੇਨ ਨੂੰ ਵੱਖ ਹੋਣ ਲਈ 31 ਅਕਤੂਬਰ ਤਕ ਸਮਾਂ ਦਿੱਤਾ ਹੈ। ਕੰਜ਼ਰਵੇਟਿਵ ਪਾਰਟੀ ਦਾ ਨੇਤਾ ਦੀ ਦੌੜ ਵਿੱਚ 11 ਆਗੂਆਂ ਦਾ ਨਾਂਅ ਪੇਸ਼ ਹੋ ਚੁੱਕਾ ਹੈ। ਇਨ੍ਹਾਂ ਵਿੱਚ ਸਾਬਕਾ ਵਿਦੇਸ਼ ਮੰਤਰੀ ਬੋਰਿਸ ਜੌਨਸਨ ਸਭ ਤੋਂ ਅੱਗੇ ਦੱਸੇ ਜਾਂਦੇ ਹਨ। ਮੌਜੂਦਾ ਵਿਦੇਸ਼ ਮੰਤਰੀ ਜੇਰੇਮੀ ਹੰਟ ਤੇ ਵਾਤਾਵਰਨ ਮੰਤਰੀ ਮਾਈਕਲ ਗੋਵ ਵੀ ਇਸ ਦੌੜ ਵਿੱਚ ਸ਼ਾਮਲ ਹਨ। ਕੰਜ਼ਰਵੇਟਿਵ ਪਾਰਟੀ ਦੀ ਚੋਣ ਕਮੇਟੀ ਦੇ ਮੁਖੀ ਚਾਰਲਸ ਵਾਕਰ ਨੇ ਕਿਹਾ, 'ਸਾਡਾ ਮਕਸਦ ਹੈ ਕਿ 20 ਜੂਨ ਦੀ ਵੋਟਿੰਗ ਦੇ ਬਾਅਦ ਸਿਰਫ਼ ਦੋ ਉਮੀਦਵਾਰ ਬਚਣ। ਇਸ ਦੇ ਬਾਅਦ ਪਾਰਟੀ ਦੇ ਪਾਰਲੀਮੈਂਟ ਮੈਂਬਰ ਦੋਵਾਂ ਵਿੱਚੋਂ ਕਿਸੇ ਇਕ ਨੂੰ ਨੇਤਾ ਚੁਣ ਲੈਣਗੇ। ਆਸ ਹੈ ਕਿ 22 ਜੁਲਾਈ ਨੂੰ ਜੇਤੂ ਦੇ ਨਾਂ ਦਾ ਐਲਾਨ ਕਰ ਦਿੱਤਾ ਜਾਵੇਗਾ'।

# ਮਾਲਦੀਵ ਗਏ ਪ੍ਰਧਾਨ ਮੰਤਰੀ ਮੋਦੀ ਨੇ ਫਿਰ ਪਾਕਿ ਉੱਤੇ ਨਿਸ਼ਾਨਾ ਸੇਧਿਆ

* ਅੱਤਵਾਦ ਨੂੰ ਸਭ ਤੋਂ ਵੱਡਾ ਖ਼ਤਰਾ ਦੱਸਿਆ



ਮਾਲੇ, 9 ਜੂਨ, (ਪੋਸਟ ਬਿਊਰੋ)- ਗਵਾਂਢੀ ਦੇਸ਼ ਮਾਲਦੀਵ, ਜਿਹੜਾ ਸਮੁੰਦਰ ਦੇ ਵਿਚਾਲੇ ਪੈਂਦਾ ਹੈ, ਦੀ ਯਾਤਰਾ ਵਾਸਤੇ ਪਹੁੰਚੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸ਼ਨਿਚਰਵਾਰ ਪਾਕਿਸਤਾਨ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਸਰਕਾਰਾਂ ਵੱਲੋਂ ਪਾਲਿਆ ਜਾਂਦਾ ਅੱਤਵਾਦ ਸਾਡੇ ਸਮੇਂ ਦੀ ਸਭ ਤੋਂ ਵੱਡੀ ਚੁਣੌਤੀ ਹੈ। ਇਹ ਕਿਸੇ ਦੇਸ਼ ਜਾਂ ਇਕ ਖੇਤਰ ਲਈ ਨਹੀਂ, ਪੂਰੀ ਮਾਨਵਤਾ ਲਈ ਖ਼ਤਰਾ ਹੈ। ਇਸ ਯਾਤਰਾ ਦੌਰਾਨ ਭਾਰਤ ਤੇ ਮਾਲਦੀਵ ਵਿਚਾਲੇ ਛੇ ਸਮਝੌਤਿਆਂ ਉੱਤੇ ਦਸਤਖ਼ਤ ਕੀਤੇ ਗਏ ਅਤੇ ਮਾਲਦੀਵ ਸਰਕਾਰ ਨੇ ਵਿਦੇਸ਼ੀ ਮਹਿਮਾਨਾਂ ਨੂੰ ਦਿੱਤੇ ਜਾਂਦੇ ਆਪਣੇ ਸਰਬ ਉੱਚ ਸਨਮਾਨ 'ਰੂਲ ਆਫ ਨਿਸ਼ਾਨ ਇੱਜ਼ੁਦੀਨ' ਨਾਲ ਪ੍ਰਧਾਨ ਮੰਤਰੀ ਮੋਦੀ ਨੂੰ ਸਨਮਾਨਿਤ ਕੀਤਾ ਹੈ।

ਅੱਜ ਮਾਲਦੀਵ ਪਾਰਲੀਮੈਂਟ 'ਮਜਲਿਸ' ਨੂੰ ਸੰਬੋਧਨ ਕਰਦੇ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਮੰਦ-ਭਾਗਾ ਹੈ ਕਿ ਕੁਝ ਲੋਕ ਅਜੇ ਵੀ 'ਚੰਗਾ ਅੱਤਵਾਦੀ ਤੇ ਬੁਰਾ ਅੱਤਵਾਦੀ' ਦਾ ਭੇਦ ਕਰਨ ਦੀ ਗਲਤੀ ਕਰ ਰਹੇ ਹਨ। ਬਨਾਉਟੀ ਮਤਭੇਦਾਂ ਵਿੱਚ ਪੈ ਕੇ ਅਸੀਂ ਬਹੁਤ ਸਮਾਂ ਗਵਾ ਦਿੱਤਾ ਹੈ। ਪਾਣੀ ਸਿਰ ਉੱਤੋਂ ਲੰਘ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਦੀ ਚੁਣੌਤੀ ਨਾਲ ਸਿੱਝਣ ਲਈ ਸਾਰੀਆਂ ਮਨੁੱਖਵਾਦੀ ਤਾਕਤਾਂ ਦਾ ਇਕੱਠੇ ਹੋਣਾ ਜ਼ਰੂਰੀ ਹੈ, ਅੱਤਵਾਦ ਅਤੇ ਕੱਟੜਪੰਥ ਨਾਲ ਨਿਪਟਣਾ ਵਿਸ਼ਵ ਦੀ ਸਭ ਤੋਂ ਵੱਡੀ ਕਸੌਟੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਤਵਾਦੀਆਂ ਦੇ ਨਾ ਬੈਂਕ ਹਨ, ਨਾ ਨੋਟ ਛਾਪਣ ਦੀ ਟਕਸਾਲ ਤੇ ਨਾ ਹਥਿਆਰਾਂ ਦੀ ਫੈਕਟਰੀ, ਫਿਰ ਵੀ ਉਨ੍ਹਾਂ ਨੂੰ ਪੈਸੇ ਤੇ ਹਥਿਆਰਾਂ ਦੀ ਕਮੀ ਨਹੀਂ ਤਾਂ ਕਿੱਥੋਂ ਲਿਆਉਂਦੇ ਹਨ, ਉਨ੍ਹਾਂ ਨੂੰ ਸਹੂਲਤਾਂ ਕੌਣ ਦਿੰਦਾ ਹੈ? ਨਰਿੰਦਰ ਮੋਦੀ ਨੇ ਕਿਹਾ ਕਿ ਜਿਵੇਂ ਵਿਸ਼ਵ ਭਾਈਚਾਰੇ ਨੇ ਜਲਵਾਯੂ ਤਬਦੀਲੀ ਦੇ ਖ਼ਤਰੇ ਪ੍ਰਤੀ ਸੰਸਾਰ ਸੰਮੇਲਨ ਕੀਤੇ ਹਨ, ਉਵੇਂ ਅੱਤਵਾਦ ਬਾਰੇ ਕਿਉਂ ਨਹੀਂ ਹੁੰਦੇ? ਉਨ੍ਹਾਂ ਨੇ ਸੰਸਾਰ ਸੰਗਠਨਾਂ ਨੂੰ ਇਹ ਅਪੀਲ ਕੀਤੀ ਕਿ ਇਕ ਸਮਾਂ ਹੱਦ ਦੇ ਅੰਦਰ ਅੱਤਵਾਦ ਬਾਰੇ ਗਲੋਬਲ ਕਾਨਫਰੰਸ ਕੀਤੀ ਜਾਵੇ ਤਾਂ ਜੋ ਅੱਤਵਾਦੀ ਤੇ ਉਨ੍ਹਾਂ ਦੇ ਸਮੱਰਥਕ ਜਿਨ੍ਹਾਂ ਖਾਮੀਆਂ ਦਾ ਲਾਹਾ ਲੈਂਦੇ ਹਨ, ਉਨ੍ਹਾਂ ਨੂੰ ਬੰਦ ਕਰਨ ਵਾਸਤੇ ਸੋਚਿਆ ਜਾ ਸਕੇ। ਜੇ ਅਸੀਂ ਹੋਰ ਦੇਰ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮਾਫ਼ ਨਹੀਂ ਕਰਨਗੀਆਂ।

ਮਾਲਦੀਵ ਦੀ ਪਿਛਲੀ ਸਰਕਾਰ ਦੀ ਚੀਨ ਨਾਲ ਨੇੜਤਾ ਕਾਫ਼ੀ ਵਧਣ ਪਿੱਛੋਂ ਚੀਨ ਨੇ ਭਾਰੀ-ਭਰਕਮ ਕਰਜ਼ਾ ਦੇ ਕੇ ਮਾਲਦੀਵ ਨੂੰ ਡੂੰਘੇ ਸੰਕਟ ਵਿੱਚ ਫਸਾ ਦਿੱਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਲਦੀਵ ਨੂੰ ਸਾਫ ਕਿਹਤਾ ਕਿ ਅਸੀਂ ਮਿੱਤਰ ਹਾਂ ਤੇ ਮਿੱਤਰਤਾ ਵਿੱਚ ਕੋਈ ਛੋਟਾ-ਵੱਡਾ ਨਹੀਂ ਹੁੰਦਾ। ਇਹ ਭਰੋਸੇ ਤੇ ਵਿਸ਼ਵਾਸ ਨਾਲ ਹੁੰਦੀ ਹੈ ਕਿ ਅਸੀਂ ਇੱਕ-ਦੂਜੇ ਦੀਆਂ ਚਿੰਤਾ ਤੇ ਹਿੱਤਾਂ ਦਾ ਖ਼ਿਆਲ ਰੱਖਾਂਗੇ, ਜਿਸ ਨਾਲ ਦੋਵੇਂ ਹੋਰ ਵੱਧ ਖੁਸ਼ਹਾਲ ਹੋਈਏ ਅਤੇ ਸੁਰੱਖਿਅਤ ਰਹੀਏ। ਉਨ੍ਹਾਂ ਕਿਹਾ ਕਿ ਸਾਡੀ ਵਿਕਾਸ ਹਿੱਸੇਦਾਰੀ ਲੋਕਾਂ ਨੂੰ ਮਜ਼ਬੂਤ ਕਰਨ ਲਈ ਹੈ, ਉਨ੍ਹਾਂ ਨੂੰ ਕਮਜ਼ੋਰ ਕਰਨ, ਖ਼ੁਦ ਸਾਡੇ ਉੱਤੇ ਨਿਰਭਰਤਾ ਵਧਾਉਣ ਜਾਂ ਅਗਲੀਆਂ ਪੀੜ੍ਹੀਆਂ ਉੱਤੇ ਕਰਜ਼ੇ ਦਾ ਬੋਝ ਲੱਦਣ ਲਈ ਨਹੀਂ। ਉਨ੍ਹਾਂ ਕਿਹਾ, 'ਨੇਬਰਹੁਡ ਫਸਟ (ਗੁਆਂਢ ਪਹਿਲਾਂ) ਸਾਡੀ ਸਰਕਾਰ ਦੀ ਪਹੁੰਚ ਹੈ ਅਤੇ ਇਸ ਵਿੱਚ ਮਾਲਦੀਵ ਦੀ ਪਹਿਲ ਬਹੁਤ ਸੁਭਾਵਿਕ ਹੈ।'

ਪ੍ਰਧਾਨ ਮੰਤਰੀ ਮੋਦੀ ਨੇ ਕ੍ਰਿਕਟ ਵਿਸ਼ਵ ਕੱਪ ਵਿੱਚ ਖੇਡਦੇ ਭਾਰਤੀ ਖਿਡਾਰੀਆਂ ਦੇ ਦਸਖਤਾਂ ਵਾਲਾ ਬੈਟ ਮਾਲਦੀਵ ਦੇ ਰਾਸ਼ਟਰਪਤੀ ਸਾਲਿਹ ਨੂੰ ਭੇਟ ਕੀਤਾ ਅਤੇ ਕਿਹਾ, 'ਕ੍ਰਿਕਟ ਨਾਲ ਮੋਹ! ਮੇਰੇ ਮਿੱਤਰ ਰਾਸ਼ਟਰਪਤੀ ਸਾਲਿਹ ਕ੍ਰਿਕਟ ਦੇ ਪ੍ਰਸ਼ੰਸਕ ਹਨ, ਇਸ ਲਈ ਮੈਂ ਉਨ੍ਹਾਂ ਨੂੰ ਕ੍ਰਿਕਟ ਵਿਸ਼ਵ ਕੱਪ-2019 ਖੇਡ ਰਹੀ ਭਾਰਤੀ ਟੀਮ ਦੇ ਦਸਤਖ਼ਤਾਂ ਵਾਲਾ ਬੈਟ ਭੇਟ ਕਰ ਰਿਹਾ ਹਾਂ।' ਭਾਰਤ ਸਰਕਾਰ ਮਾਲਦੀਵ ਦਾ ਇਕ ਕ੍ਰਿਕਟ ਸਟੇਡੀਅਮ ਬਣਾਉਣ ਦੀ ਤਿਆਰੀ ਵੀ ਕਰ ਰਿਹਾ ਹੈ। ਬੀਤੇ ਅਪ੍ਰੈਲ ਵਿੱਚ ਰਾਸ਼ਟਰਪਤੀ ਸਾਲਿਹ ਭਾਰਤ ਦੇ ਬੈਂਗਲੂਰੂ ਵਿੱਚ ਆਈ ਪੀ ਐੱਲ ਕ੍ਰਿਕਟ ਮੈਚ ਦੇਖਣ ਵੀ ਪਹੁੰਚੇ ਸਨ ਅਤੇ ਉਨ੍ਹਾਂ ਨੇ ਮਾਲਦੀਵ ਦੀ ਕ੍ਰਿਕਟ ਟੀਮ ਬਣਾਉਣ ਲਈ ਭਾਰਤ ਤੋਂ ਮਦਦ ਮੰਗੀ ਸੀ।

## ਚਾਰ ਹਜ਼ਾਰ ਬੋਧੀ ਔਰਤਾਂ ਦੀ ਮੁਸਲਿਮ ਡਾਕਟਰ ਨੇ ਨਲਬੰਦੀ ਕਰ ਦਿੱਤੀ

ਕੋਲੰਬੋ, 9 ਜੂਨ (ਪੋਸਟ ਬਿਊਰੋ)- ਇਥੋਂ ਦੀ ਇਕ ਮੁਤਾਬਕ ਚਾਰ ਹਜ਼ਾਰ ਦੇ ਲਗਭਗ ਬੋਧੀ ਔਰਤਾਂ ਦੀ ਇਕ ਮੁਸਲਿਮ ਡਾਕਟਰ ਨੇ ਨਲਬੰਦੀ ਕਰ ਦਿੱਤੀ ਹੈ। ਕੱਟੜ ਰਾਸ਼ਟਰਵਾਦ ਲਈ ਜਾਣੀ ਜਾਂਦੀ 'ਡਿਵਾਈਨ' ਨਾਂ ਦੀ ਉਕਤ ਅਖਬਾਰ ਦੇ ਪਹਿਲੇ ਪੰਨੇ 'ਤੇ ਇਸ ਸਬੰਧੀ ਛਪੀ ਖਬਰ ਪਿੱਛੋਂ ਦੇਸ਼ ਵਿੱਚ ਸਨਸਨੀ ਫੈਲ ਗਈ ਹੈ।

ਅਖਬਾਰ ਨੇ ਡਾਕਟਰ ਦੀ ਪਛਾਣ ਨਹੀਂ ਦੱਸੀ ਹੈ, ਪਰ ਸਮਝਿਆ ਜਾਂਦਾ ਹੈ ਕਿ ਉਹ ਬੀਤੇ ਮਹੀਨੇ ਹੋਏ ਅੱਤਵਾਦੀ ਹਮਲਿਆਂ ਲਈ ਜ਼ਿੰਮੇਵਾਰ ਇਸਲਾਮਿਕ ਸੰਗਠਨ ਨੈਸ਼ਨਲ ਤੌਹੀਦ ਦਾ ਮੈਂਬਰ ਹੈ। ਖਬਰ ਮੁਤਾਬਕ ਮੁਸਲਿਮ ਡਾਕਟਰ ਨੇ ਸਿਜੇਰੀਅਨ ਆਪ੍ਰੇਸ਼ਨ ਦੌਰਾਨ 4000 ਦੇ ਲਗਭਗ ਔਰਤਾਂ ਦਾ ਪਰਵਾਰ ਭਲਾਈ ਆਪ੍ਰੇਸ਼ਨ ਕਰ ਦਿੱਤਾ। ਇਸ ਬਾਰੇ ਉਸ ਨੇ ਕਿਸੇ ਨੂੰ ਪਤਾ ਤੱਕ ਨਹੀਂ ਲੱਗਣ ਦਿੱਤਾ। ਅਖਬਾਰ ਦੇ ਸੰਪਾਦਕ ਨੇ ਖਬਰ ਏਜੰਸੀ ਨੂੰ ਦੱਸਿਆ ਕਿ ਇਹ ਰਿਪੋਰਟ ਪੁਲਸ ਅਤੇ ਵੱਖ-ਵੱਖ ਹਸਪਤਾਲਾਂ ਦੇ ਸੂਤਰਾਂ 'ਤੇ ਆਧਾਰਿਤ ਹੈ। ਪੁਲਸ ਆਪਣੇ ਤੌਰ 'ਤੇ ਅਖਬਾਰ ਵਿੱਚ ਛਪੀ ਖਬਰ ਦੇ ਤੱਥਾਂ ਦਾ ਅਧਿਐਨ ਕਰ ਰਹੀ ਹੈ। ਸਬੰਧਤ ਡਾਕਟਰ ਨੇ ਉਕਤ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

## ਟਰੰਪ ਨੇ ਨਾਸਾ ਨੂੰ ਝਿੜਕਿਆ,ਇਹ ਆਖਣਾ ਬੰਦ ਕਰੋ ਕਿ ਚੰਦ ਉੱਤੇ ਜਾ ਰਹੇ ਹਾਂ




ਵਾਸ਼ਿੰਗਟਨ, 9 ਜੂਨ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹ ਟਵੀਟ ਕੀਤਾ ਕਿ ਨਾਸਾ ਨੂੰ ਇਹ ਆਖਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਹ ਚੰਦ ਉੱਤੇ ਪਹੁੰਚ ਕਰ ਰਿਹਾ ਹੈ। ਟਰੰਪ ਦਾ ਕਹਿਣਾ ਹੈ ਕਿ ਜਦੋਂ ਤੋਂ ਉਨ੍ਹਾਂ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ 2024 ਤੱਕ ਚੰਦ ਉੱਤੇ ਦੁਬਾਰਾ ਉੱਤਰਨ ਦਾ ਟੀਚਾ ਤਿਆਰ ਕੀਤਾ ਹੈ, ਉਦੋਂ ਤੋਂ ਇਸ ਮਿਸ਼ਨ ਦੇ ਸੰਬੰਧ ਵਿੱਚ ਭਰਮ ਦੀ ਸਥਿਤੀ ਪੈਦਾ ਹੋ ਗਈ ਹੈ।

ਯੂਰਪ ਦੌਰੇ ਤੋਂ ਵਾਪਸ ਆਉਂਦੇ ਵਕਤ ਏਅਰ ਫੋਰਸ ਵੰਨ ਜਹਾਜ਼ ਵਿੱਚੋਂ ਡੋਨਾਲਡ ਟਰੰਪ ਨੇ ਟਵੀਟ ਕਰ ਕੇ ਕਿਹਾ ਕਿ ਅਸੀਂ ਇਸ ਉੱਤੇ ਪੈਸਾ ਖਰਚ ਕਰ ਰਹੇ ਹਾਂ ਤੇ ਨਾਸਾ ਨੂੰ ਇਹ ਨਹੀਂ ਆਖਣਾ ਚਾਹੀਦਾ ਕਿ ਅਸੀਂ ਚੰਦ ਉੱਤੇ ਜਾ ਰਹੇ ਹਾਂ, ਇਹ ਕੰਮ ਅਸੀਂ 50 ਸਾਲ ਪਹਿਲਾਂ ਕਰ ਚੁੱਕੇ ਹਾਂ। ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਜੋ ਕੁਝ ਵੱਡਾ ਕਰ ਰਹੇ ਹਾਂ, ਉਸ ਉੱਤੇ ਧਿਆਨ ਦੇਣਾ ਚਾਹੀਦਾ ਹੈ, ਜਿਵੇਂ ਮੰਗਲ (ਚੰਨ ਦੀ ਯਾਤਰਾ ਇਸ ਦਾ ਹਿੱਸਾ ਹੈ), ਰੱਖਿਆ ਅਤੇ ਵਿਗਿਆਨ'। ਟਰੰਪ ਦੇ ਇਸ ਟਵੀਟ ਦਾ ਅਰਥ ਸਾਫ ਨਹੀਂ, ਪਰ ਇਸ ਤੋਂ ਜਾਪਦਾ ਹੈ ਕਿ ਉਹ ਅਮਰੀਕੀ ਏਜੰਸੀ ਨੂੰ ਅਪੀਲ ਕਰ ਰਹੇ ਹੋਣ ਕਿ ਉਸ ਨੂੰ ਮੰਗਲ ਮਿਸ਼ਨ ਵੱਲ ਧਿਆਨ ਦੇਵੇ ਅਤੇ ਚੰਦ ਦਾ ਮਿਸ਼ਨ ਸਿਰਫ ਇਸ ਦਿਸ਼ਾ ਵਿੱਚ ਇਕ ਕਦਮ ਅੱਗੇ ਵਧਾਉਣ ਵਾਂਗ ਹੈ। ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਅਪ੍ਰੈਲ ਵਿੱਚ 2024 ਤੱਕ ਚੰਦ ਉੱਤੇ ਵਾਪਸੀ ਦੀ ਯੋਜਨਾ ਵਾਲਾ ਐਲਾਨ ਕੀਤਾ ਸੀ, ਪਰ ਕੁਝ ਮਾਹਿਰਾਂ ਨੂੰ ਸਮੇਂ ਸਿਰ ਇਸ ਦੇ ਪੂਰਾ ਹੋਣ ਵਿੱਚ ਸ਼ੱਕ ਹੈ।

## ਆਸਟਰੇਲੀਆ ਦਾ ਦੋਸ਼:
## ਚੀਨ ਨੇ ਜਾਸੂਸੀ ਕਰਵਾਉਣ ਲਈ ਦੋ ਲੱਖ ਸਟੂਡੈਂਟਸ ਦਾ ਡਾਟਾ ਚੋਰੀ ਕੀਤਾ




ਸਿਡਨੀ, 9 ਜੂਨ (ਪੋਸਟ ਬਿਊਰੋ)- ਆਸਟਰੇਲੀਆ ਨੇ ਦੋਸ਼ ਲਾਇਆ ਹੈ ਕਿ ਚੀਨ ਨੇ ਉਸ ਦੀ ਇਕ ਯੂਨੀਵਰਸਿਟੀ ਦੇ ਦੋ ਲੱਖ ਵਿਦਿਆਰਥੀਆਂ ਤੇ ਕਰਮਚਾਰੀਆਂ ਦਾ ਨਿੱਜੀ ਡਾਟਾ ਚੋਰੀ ਕੀਤਾ ਹੈ, ਤਾਂ ਕਿ ਇਨ੍ਹਾਂ ਨੂੰ ਬਲੈਕਮੇਲ ਕਰਕੇ ਜਾਸੂਸੀ ਕਰਵਾਈ ਜਾ ਸਕੇ, ਜਿਸ ਨੂੰ ਆਸਟਰੇਲੀਆ ਨੇ ਗੰਭੀਰਤਾ ਨਾਲ ਲਿਆ ਹੈ।

ਕੈਨਬਰਾ ਵਿੱਚ ਆਸਟਰੇਲੀਅਨ ਨੈਸ਼ਨਲ ਯੂਨੀਵਰਸਿਟੀ (ਏ ਐਨ ਯੂ) ਦੇ ਮੁਤਾਬਕ ਹੈਕਰਸ ਨੇ ਪਿਛਲੇ ਸਾਲ ਦੇ ਅੰਤ ਵਿੱਚ ਯੂਨੀਵਰਸਿਟੀ ਦੇ ਸਰਵਰ ਵਿੱਚ ਸੰਨ੍ਹ ਲਾ ਕੇ 19 ਸਾਲ ਪੁਰਾਣੇ ਵਿਦਿਆਰਥੀਆਂ ਦੀਆਂ ਨਿੱਜੀ ਜਾਣਕਾਰੀਆਂ ਹੈਕ ਕਰ ਲਈਆਂ ਸਨ। ਉਨ੍ਹਾਂ ਨੇ ਵਿਦਿਆਰਥੀਆਂ ਦੇ ਬੈਂਕ ਅਕਾਉਂਟ ਨੰਬਰ, ਟੈਕਸ ਤੇ ਪਾਸ-ਪੋਰਟ ਦੀਆਂ ਕਈ ਅਹਿਮ ਜਾਣਕਾਰੀਆਂ ਹੈਕ ਕਰ ਲਈਆਂ। ਏ ਐਨ ਯੂ ਤੋਂ ਸਾਬਕਾ ਪ੍ਰਧਾਨ ਮੰਤਰੀ ਸਮੇਤ ਫੌਜ ਅਤੇ ਕਈ ਵੱਡੇ ਅਹੁਦੇ ਉੱਤੇ ਕੰਮ ਕਰ ਰਹੇ ਲੋਕਾਂ ਨੇ ਪੜ੍ਹਾਈ ਕੀਤੀ ਹੈ। ਇਸ ਯੂਨਵਿਰਸਿਟੀ ਤੋਂ ਨਿਕਲੇ ਕਈ ਗ੍ਰੈਜੂਏਟ ਸਰਕਾਰੀ ਅਧਿਕਾਰੀ ਹਨ। ਅਜਿਹੇ ਵਿੱਚ ਯੂਨੀਵਰਸਿਟੀ ਤੋਂ ਵਿਦਿਆਰਥੀਆਂ ਦਾ ਡਾਟਾ ਚੋਰੀ ਹੋਣਾ ਵੱਡੀ ਗੱਲ ਹੈ।

ਅਖਬਾਰ ਸਿਡਨੀ ਮਾਰਨਿੰਗ ਦੇ ਮੁਤਾਬਕ ਆਸਟਰੇਲੀਆ ਦੇ ਖੁਫੀਆ ਅਧਿਕਾਰੀਆਂ ਨੇ ਇਸ ਹੈਕਿੰਗ ਲਈ ਸਿੱਧੇ ਤੌਰ 'ਤੇ ਚੀਨ ਨੂੰ ਜ਼ਿੰਮੇਵਾਰ ਮੰਨਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੀਨ ਉਨ੍ਹਾਂ ਚੁਣਵੇਂ ਦੇਸ਼ਾਂ 'ਚੋਂ ਹੈ, ਜੋ ਇਨੇ ਵੱਡੇ ਪੈਮਾਨੇ 'ਤੇ ਹੈਕਿੰਗ ਕਰ ਸਕਦੇ ਹਨ। ਉਹ ਅਜਿਹੇ ਕਰਕੇ ਨਵੀਂ ਪੀੜ੍ਹੀ ਦੇ ਜਾਸੂਸ ਤਿਆਰ ਕਰ ਕੇ ਜਾਸੂਸੀ ਕਰਵਾ ਸਕਦਾ ਹੈ। ਏ ਐਨ ਯੂ ਦੇ ਵਾਈਸ ਚਾਂਸਲਰ ਬ੍ਰਾਇਨ ਸਮਿੱਥ ਦਾ ਕਹਿਣਾ ਹੈ ਕਿ ਅਸੀ ਡਾਟਾ ਦੀ ਪਹੁੰਚ ਦਾ ਪਤਾ ਲਾਇਆ ਹੈ। ਇਹ ਹੈਕਿੰਗ ਪਿਛਲੇ ਸਾਲ ਦਸੰਬਰ ਵਿੱਚ ਹੋਈ ਸੀ, ਪਰ ਹੈਕਰਸ ਕੋਲ ਸਾਰਾ ਡਾਟਾ ਪੰਜ ਮਹੀਨਿਆਂ ਤੱਕ ਸੀ। ਸਾਨੂੰ ਪਿਛਲੇ ਹਫਤੇ ਪਤਾ ਲੱਗਾ। ਚੀਨ ਨੇ ਇਸ ਹੈਕਿੰਗ ਵਿੱਚ ਸ਼ਾਮਲ ਹੋਣ ਤੋਂ ਸਾਫ ਇਨਕਾਰ ਕੀਤਾ ਹੈ।

# ਭਾਰਤ ਨਾਲ ਸ਼ਾਂਤੀ ਦੀ ਜ਼ਿੰਮੇਵਾਰੀ ਪਾਕਿਸਤਾਨ ਉਤੇ: ਅਮਰੀਕਾ



ਭਾਰਤ ਤੇ ਪਾਕਿਸਤਾਨ ਲਈ ਦੱਖਣੀ ਏਸ਼ੀਆ ਵਿੱਚ ਸ਼ਾਂਤੀ ਦਾ ਮਾਹੌਲ ਬਣਾਉਣਾ ਮੁਸ਼ਕਲ ਹੋਵੇਗਾ। ਪੁਲਵਾਮਾ ਵਿੱਚ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਵਿੱਚ ਅੱਤਵਾਦੀ ਗਰੁੱਪਾਂ ਖਿਲਾਫ ਕੁਝ ਕਦਮ ਚੁੱਕੇ ਗਏ ਹਨ, ਪਰ ਹਾਲੇ ਕਾਫੀ ਕੁਝ ਕਰਨਾ ਬਾਕੀ ਹੈ। ਪਾਕਿਸਤਾਨ ਨੂੰ ਅਜਿਹੇ ਵਿਹਾਰਕ ਕਦਮ ਚੁੱਕਣੇ ਪੈਣਗੇ ਜਿਨ੍ਹਾਂ ਤੋਂ ਇਹ ਪਤਾ ਲੱਗੇ ਕਿ ਅੱਤਵਾਦੀ ਗਰੁੱਪਾਂ ਨੂੰ ਮਿਲਣ ਵਾਲੇ ਧਨ ਦੀ ਜੜ੍ਹ ਨੂੰ ਉਹ ਸਮਾਪਤ ਕਰ ਰਿਹਾ ਹੈ।

ਵਾਸ਼ਿੰਗਟਨ, 9 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਭਾਰਤ ਨਾਲ ਗੱਲਬਾਤ ਦੀ ਜਿਹੜੀ ਬੇਕਰਾਰੀ ਦਿਖਾਈ ਹੈ, ਉਸ ਪਿੱਛੋਂ ਅਮਰੀਕਾ ਨੇ ਸਾਫ ਕੀਤਾ ਹੈ ਕਿ ਦੱਖਣੀ ਏਸ਼ੀਆ ਵਿੱਚ ਪੱਕੇ ਅਮਨ ਦੀ ਜ਼ਿੰਮੇਵਾਰੀ ਪਾਕਿਸਤਾਨ ਉੱਤੇ ਹੈ। ਅਮਰੀਕਾ ਮੁਤਾਬਕ ਪਾਕਿਸਤਾਨ ਆਪਣੇ ਅੰਦਰ ਵਧ ਫੁਲ ਰਹੇ ਅੱਤਵਾਦੀ ਸੰਗਠਨਾਂ 'ਤੇ ਕਾਰਗਰ ਤਰੀਕੇ ਨਾਲ ਲਗਾਮ ਲਾਉਣ ਤੋਂ ਬਾਅਦ ਹੀ ਭਾਰਤ ਨਾਲ ਗੱਲਬਾਤ ਦਾ ਮਾਹੌਲ ਤਿਆਰ ਸਕਦਾ ਹੈ।

ਅਸਲ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਭਾਰਤ ਨਾਲ ਗੱਲਬਾਤ ਦੀ ਬੇਨਤੀ ਕਰਦਿਆਂ ਦੂਜਾ ਪੱਤਰ ਲਿਖਿਆ ਹੈ ਅਤੇ ਭਾਰਤ ਇਹ ਕਹਿੰਦੇ ਹੋਏ ਪਾਕਿਸਤਾਨ ਨਾਲ ਵਾਰਤਾ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ ਕਿ ਜਦੋਂ ਤੱਕ ਉਹ ਆਪਣੇ ਅੰਦਰੋਂ ਅੱਤਵਾਦੀ ਸੰਗਠਨਾਂ 'ਤੇ ਕਾਰਵਾਈ ਨਹੀਂ ਕਰਦਾ, ਉਦੋਂ ਤੱਕ ਵਾਰਤਾ ਸੰਭਵ ਨਹੀਂ।

ਵ੍ਹਾਈਟ ਹਾਊਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਵੇਖਣਾ ਚਾਹੁੰਦਾ ਹੈ ਕਿ ਪਾਕਿਸਤਾਨ ਵਿੱਚ ਅੱਤਵਾਦੀਆਂ ਦੀ ਗ੍ਰਿਫਤਾਰੀ ਹੋਵੇ ਤੇ ਉਨ੍ਹਾਂ ਖਿਲਾਫ ਕੇਸ ਚਲਾਏ ਜਾਣ। ਅੱਤਵਾਦੀਆਂ ਨੂੰ ਖੁੱਲ੍ਹਾ ਘੁੰਮਣ, ਹਥਿਆਰ ਹਾਸਲ ਕਰਨ, ਭਾਰਤ ਵਿੱਚ ਘੁਸਪੈਠ ਕਰਨ ਤੇ ਅੱਤਵਾਦੀ ਹਮਲੇ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਅਮਰੀਕੀ ਗ੍ਰਹਿ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ, ਜਦੋਂ ਤੱਕ ਪਾਕਿਸਤਾਨ ਵਿੱਚ ਅੱਤਵਾਦੀ ਗਰੁੱਪ ਖਤਮ ਨਹੀਂ ਕੀਤੇ ਜਾਂਦੇ, ਉਦੋਂ ਤੱਕ

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$634,900 Sandalwood & Conestoga: Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.
$729,900 Dixie/Octillo: Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!
$739,913 Charleston Side Rd/Main St.: Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.
$775,000 Charolais/Chinguacousy Rd: Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.
Call For:
RESP, SUPER -VISA,& TRAVEL
Insurance
H.Randhawa
416-319-0551

MICHELIN · Hankook · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਗੁਰਦੁਆਰਾ ਕਮੇਟੀ ਮੈਂਬਰ ਵਿਰੁੱਧ ਪਟਾਕੇ ਚਲਾਉਣ ਕਾਰਨ ਕੇਸ ਦਰਜ

*** ਸੰਧਿਆ ਫੇਰੀ ਵੇਲੇ ਪਟਾਕੇ ਕਾਰਨ ਬੱਚੇ ਦੀ ਅੱਖ ਦੀ ਰੋਸ਼ਨੀ ਗਈ**

ਮਕਸੂਦਾਂ, 9 ਜੂਨ (ਪੋਸਟ ਬਿਊਰੋ)- ਗੁਰਦੁਆਰਾ ਸਿੰਘ ਸਭਾ ਪ੍ਰੀਤ ਨਗਰ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਡਿਪਟੀ ਦੇ ਖਿਲਾਫ ਪੁਲਸ ਨੇ ਕੇਸ ਦਰਜ ਕੀਤਾ ਹੈ, ਪਰ ਹਾਲੇ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ।

ਇਸ ਸੰਬੰਧ ਵਿੱਚ ਪੀੜਤ ਬੱਚੇ ਦੇ ਪਿਤਾ ਸਤਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ 20 ਨਵੰਬਰ 2018 ਨੂੰ ਗੁਰਦੁਆਰਾ ਸਿੰਘ ਸਭਾ ਪ੍ਰੀਤ ਨਗਰ ਸੋਢਲ ਰੋਡ ਤੋਂ ਸੰਧਿਆ ਫੇਰੀ ਕੱਢੀ ਗਈ ਸੀ। ਇਸ ਫੇਰੀ ਵਿੱਚ ਗੁਰੂ ਨਾਨਕ ਦੇ ਅੱਗੇ-ਅੱਗੇ ਪਟਾਕੇ ਚਲਾਏ ਜਾ ਰਹੇ ਸਨ। ਸੰਗਤ ਵੱਲੋਂ ਇਸ ਗੁਰਦੁਆਰਾ ਕਮੇਟੀ ਦੇ ਮੈਂਬਰ ਨੂੰ ਪਟਾਕੇ ਚਲਾਉਣ ਤੋਂ ਵਾਰ-ਵਾਰ ਮਨ੍ਹਾ ਕੀਤਾ, ਪਰ ਉਸ ਨੇ ਕਿਸੇ ਦੀ ਨਹੀਂ ਸੁਣੀ ਤੇ ਪਟਾਕੇ ਚਲਾਈ ਜਾ ਰਿਹਾ ਸੀ। ਲਗਾਤਾਰ ਪਟਾਕੇ ਚਲਾਉਂਦਿਆਂ ਇੱਕ ਪਟਾਕਾ ਉਨ੍ਹਾਂ ਦੇ 14 ਸਾਲਾ ਬੱਚੇ ਗੁਰਜੋਤ ਸਿੰਘ ਦੀਆਂ ਅੱਖਾਂ ਵਿੱਚ ਜਾ ਵੱਜਾ ਤੇ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਇਲਾਜ ਲਈ ਅੱਖਾਂ ਦੇ ਵੱਖ-ਵੱਖ ਮਾਹਰ ਡਾਕਟਰਾਂ ਨੂੰ ਵਿਖਾਇਆ ਗਿਆ, ਪਰ ਸਾਰੇ ਡਾਕਟਰਾਂ ਨੇ ਜਵਾਬ ਦੇ ਦਿੱਤਾ ਤੇ ਕਿਹਾ ਕਿ ਇਸ ਦੀ ਇੱਕ ਅੱਖ ਦੀ ਜੋਤ ਹਮੇਸ਼ਾ ਲਈ ਚਲੀ ਗਈ ਹੈ। ਇਸ ਦੇ ਖਿਲਾਫ ਪੁਲਸ ਨੂੰ ਸ਼ਿਕਾਇਤ ਕੀਤੀ ਗਈ ਤਾਂ ਪੁਲਸ ਨੇ 31 ਮਈ ਨੂੰ ਡਿਪਟੀ ਦੇ ਖਿਲਾਫ ਪਰਚਾ ਦਰਜ ਕਰ ਲਿਆ, ਪਰ ਹਾਲੇ ਤੱਕ ਗ੍ਰਿਫਤਾਰ ਨਹੀਂ ਕੀਤਾ।

# ਫਰਜ਼ੀ ਮੁਕਾਬਲਾ ਕੇਸ ਵਿੱਚ ਸੀ ਬੀ ਆਈ ਕੋਰਟ ਵਿੱਚ ਸੁਰਜੀਤ ਕੌਰ ਦੀ ਗਵਾਹੀ




ਤਰਨ ਤਾਰਨ, 9 ਜੂਨ (ਪੋਸਟ ਬਿਊਰੋ)- ਸਾਲ 1993 ਵਿੱਚ ਕਾਰ ਸੇਵਾ ਵਾਲੇ ਬਾਬਾ ਚਰਨ ਸਿੰਘ, ਤਿੰਨ ਭਰਾਵਾਂ ਤੇ ਦੋ ਹੋਰ ਰਿਸ਼ਤੇਦਾਰਾਂ ਨੂੰ ਪੁਲਸ ਮੁਕਾਬਲੇ ਵਿੱਚ ਮਾਰਨ ਦੇ ਕੇਸ ਵਿੱਚ ਬਾਬਾ ਚਰਨ ਸਿੰਘ ਦੀ ਪਤਨੀ ਸੁਰਜੀਤ ਕੌਰ ਨੇ ਸੀ ਬੀ ਆਈ ਦੀ ਮੋਹਾਲੀ ਕੋਰਟ ਵਿੱਚ ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਗਵਾਹੀ ਦਿੱਤੀ ਹੈ।

